ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 30 ਅੰਕ ਨੰ. Volume No : 277 ਨਵੀਂ ਦਿੱਲੀ, ਮੰਗਲਵਾਰ 7 ਅਕਤੂਬਰ, 2025, Tuesday 7 October, 2025 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ.: 23353936

### ਜੰਮੂ ਕਸ਼ਮੀਰ ਅਤੇ ਮਿਆਂਮਾਰ 'ਚ ਭੂਚਾਲ ਦੇ ਝਟਕੇ; ਰਿਕਟਰ ਪੈਮਾਨੇ 'ਤੇ ਤੀਬਰਤਾ 3.6

ਡੋਡਾ (ਜੰਮੂ ਕਸ਼ਮੀਰ), 6 ਅਕਤੂਬਰ (ਪ੍ਰਤੀਨਿਧੀ): ਜੰਮੂ ਕਸ਼ਮੀਰ ਦੇ ਡੋਡਾ ਵਿੱਚ ਅੱਜ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਜਿਨ੍ਹਾਂ ਦੀ ਰਿਕਟਰ ਪੈਮਾਨੇ ਤੇ ਤੀਬਰਤਾ 3.6 ਮਾਪੀ ਗਈ। ਇਹ ਜਾਣਕਾਰੀ ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ ਵੱਲੋਂ ਐਕਸ 'ਤੇ ਨਸ਼ਰ ਕੀਤੀ ਗਈ। ਐਨਸੀਐਸ ਦੇ ਅਨੁਸਾਰ, ਸੋਮਵਾਰ ਨੂੰ 02:47 ਮਿੰਟ 'ਤੇ 5 ਕਿੱਲੋਮੀਟਰ ਦੀ ਡੂੰਘਾਈ 'ਤੇ ਭੂਚਾਲ ਆਇਆ। ਹਾਲਾਂਕਿ ਇਸ ਦੌਰਾਨ ਕਿਸੇ ਵੀ ਕਿਸਮ ਦੇ ਜਾਨੀ ਅਤੇ ਮਾਲੀ ਨੁਕਸਾਨ ਦੀ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ।

### ਰਾਹੁਲ ਗਾਂਧੀ ਵਿਰੁੱਧ ਮਾਣਹਾਨੀ ਦੇ ਮਾਮਲੇ ਦੀ ਸੁਣਵਾਈ 17 ਤੱਕ ਮੁਲਤਵੀ

ਸੁਲਤਾਨਪੁਰ, 6 ਅਕਤੂਬਰ (ਪ੍ਰਤੀਨਿਧੀ): ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਦੀ ਇੱਕ ਵਿਸ਼ੇਸ਼ ਅਦਾਲਤ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਰਾਏਬਰੇਲੀ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਵਿਰੁੱਧ ਮਾਣਹਾਨੀ ਦੇ ਮਾਮਲੇ ਵਿੱਚ ਸੁਣਵਾਈ 17 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਗਈ, ਕਿਉਂਕਿ ਇੱਕ ਗਵਾਹ ਸੋਮਵਾਰ ਨੂੰ ਪੇਸ਼ ਨਹੀਂ ਹੋਇਆ। ਰਾਹੁਲ ਗਾਂਧੀ ਦੇ ਵਕੀਲ ਕਾਸ਼ੀ ਪ੍ਰਸਾਦ ਸ਼ੁਕਲਾ ਨੇ ਕਿਹਾ ਕਿ ਦੂਜੇ ਗਵਾਹ ਰਾਮ ਚੰਦਰ ਦੂਬੇ ਦੀ ਗਵਾਹੀ ਸੋਮਵਾਰ ਨੂੰ ਐਮਪੀ-ਐਮਐਲਏ ਅਦਾਲਤ ਵਿੱਚ ਹੋਣੀ ਸੀ।

## ਮੈਡੀਸਿਨ ਲਈ ਤਿੰਨ ਵਿਗਿਆਨੀਆਂ ਨੂੰ ਨੋਬੇਲ ਪੁਰਸਕਾਰ

### 'ਪੈਰੀਫੇਰਲ ਇਮਿਊਨ ਟਾਲਰੈਂਸ' ਨਾਲ ਸਬੰਧਤ ਖੋਜਾਂ ਲਈ ਮੈਰੀ ਈ ਬਰੁਨਕੋ, ਫਰੈੱਡ ਰੈਮਸਡੇਲ ਤੇ ਸ਼ਿਮੌਨ ਸਾਕਾਗੁਚੀ ਦੀ ਚੋਣ




ਸਟਾਕਹੋਮ, 6 ਅਕਤੂਬਰ (ਪ੍ਰਤੀਨਿਧੀ): ਮੈਰੀ ਈ ਬਰੁਨਕੋ, ਫਰੈੱਡ ਰੈਮਸਡੇਲ ਤੇ ਸ਼ਿਮੌਨ ਸਾਕਾਗੁਚੀ ਨੂੰ 'ਪੈਰੀਫੇਰਲ ਇਮਿਊਨ ਟਾਲਰੈਂਸ' ਨਾਲ ਸਬੰਧਤ ਉਨ੍ਹਾਂ ਦੀਆਂ ਖੋਜਾਂ ਲਈ ਮੈਡੀਸਿਨ ਦਾ ਨੋਬੇਲ ਪੁਰਸਕਾਰ ਦੇਣ ਦਾ ਸੋਮਵਾਰ ਨੂੰ ਐਲਾਨ ਕੀਤਾ ਗਿਆ ਹੈ। ਪੈਰੀਫੇਰਲ ਇਮਿਊਨ ਟਾਲਰੈਂਸ ਇੱਕ ਅਜਿਹਾ ਢੰਗ ਹੈ ਜਿਸ ਨਾਲ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਪ੍ਰਣਾਲੀ ਨੂੰ ਬੇਕਾਬੂ ਹੋਣ ਅਤੇ ਬਾਹਰੀ ਕਾਰਕਾਂ ਦੀ ਥਾਂ ਆਪਣੇ ਹੀ ਤੱਤਾਂ 'ਤੇ ਹਮਲਾ ਕਰਨ ਤੋਂ ਰੋਕਣ 'ਚ ਮਦਦ ਮਿਲਦੀ ਹੈ। ਇਹ ਸਾਲ 2025 ਦੇ ਨੋਬੇਲ ਪੁਰਸਕਾਰਾਂ ਦਾ ਪਹਿਲਾ ਐਲਾਨ ਹੈ ਅਤੇ ਸਟਾਕਹੋਮ ਦੇ ਕਾਰੋਲਿੰਸਕਾ ਸੰਸਥਾ 'ਚ ਇੱਕ ਕਮੇਟੀ ਨੇ ਨਾਵਾਂ ਦਾ ਐਲਾਨ ਕੀਤਾ ਹੈ। ਪਿਛਲੇ ਸਾਲ ਦਾ ਪੁਰਸਕਾਰ ਅਮਰੀਕੀ ਨਾਗਰਿਕ ਵਿਕਟਰ ਐਂਬਰੋਸ ਤੇ ਗੈਰੀ ਰੁਵਕੁਨ ਨੂੰ ਸੂਖਮ 'ਆਰਐੱਨਏ' (ਰਾਈਬੋਨਿਊਕਲਿਕ ਐਸਿਡ) ਦੀ ਖੋਜ ਲਈ ਸਾਂਝੇ ਤੌਰ 'ਤੇ ਦਿੱਤਾ ਗਿਆ ਸੀ। ਮੰਗਲਵਾਰ ਨੂੰ ਭੌਤਿਕੀ, ਬੁੱਧਵਾਰ ਨੂੰ ਰਸਾਇਣ ਵਿਗਿਆਨ ਅਤੇ ਵੀਰਵਾਰ ਨੂੰ ਸਾਹਿਤ ਦੇ ਨੋਬੇਲ ਪੁਰਸਕਾਰਾਂ ਦੇ ਜੇਤੂਆਂ ਦਾ ਐਲਾਨ ਕੀਤਾ ਜਾਵੇਗਾ। ਨੋਬੇਲ ਸ਼ਾਂਤੀ ਪੁਰਸਕਾਰ ਦਾ ਐਲਾਨ ਸ਼ੁੱਕਰਵਾਰ ਨੂੰ ਅਤੇ ਅਰਥਸ਼ਾਸਤਰ 'ਚ ਨੋਬੇਲ ਮੈਮੋਰੀਅਲ ਪੁਰਸਕਾਰ ਦਾ ਐਲਾਨ 13 ਅਕਤੂਬਰ ਨੂੰ ਕੀਤਾ ਜਾਵੇਗਾ।

# ਚੋਣ ਕਮਿਸ਼ਨ ਵੱਲੋਂ ਤਰੀਕਾਂ ਦਾ ਐਲਾਨ

### ਦੋ ਗੇੜਾਂ 'ਚ ਹੋਣਗੀਆਂ ਵਿਧਾਨ ਸਭਾ ਚੋਣਾਂ; ਪਹਿਲਾ ਗੇੜ 6 ਨਵੰਬਰ ਤੇ ਦੂਜਾ 11 ਨਵੰਬਰ ਨੂੰ; ਵੋਟਾਂ ਦੀ ਗਿਣਤੀ 14 ਨਵੰਬਰ ਨੂੰ; ਬਿਹਾਰ ਵਿੱਚ 7.4 ਕਰੋੜ ਤੋਂ ਵੱਧ ਵੋਟਰ; 14 ਲੱਖ ਨਵੇਂ ਵੋਟਰ




ਨਵੀਂ ਦਿੱਲੀ, 6 ਅਕਤੂਬਰ (ਪ੍ਰਤੀਨਿਧੀ): ਚੋਣ ਕਮਿਸ਼ਨ ਨੇ ਸੋਮਵਾਰ ਨੂੰ ਬਿਹਾਰ ਵਿਧਾਨ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਬਿਹਾਰ ਵਿਧਾਨ ਸਭਾ ਚੋਣਾਂ ਦੋ ਗੇੜਾਂ ਵਿੱਚ ਹੋਣਗੀਆਂ। ਚੋਣਾਂ ਦਾ ਪਹਿਲਾਂ ਗੇੜ 6 ਨਵੰਬਰ ਤੇ ਦੂਜਾ ਗੇੜ 11 ਨਵੰਬਰ ਨੂੰ ਹੋਵੇਗਾ। ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵੋਟਾਂ ਦੀ ਗਿਣਤੀ ਦੇ ਆਖਰੀ ਦੋ ਗੇੜਾਂ ਤੋਂ ਪਹਿਲਾਂ ਡਾਕ ਰਾਹੀਂ ਆਏ ਮਤਦਾਨ ਪੱਤਰਾਂ ਦੀ ਗਿਣਤੀ ਪੂਰੀ ਕੀਤੀ ਜਾਣੀ ਲਾਜ਼ਮੀ ਹੈ। ਮੁੱਖ ਚੋਣ ਕਮਿਸ਼ਨਰ ਨੇ ਇੱਕੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਗਾਮੀ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ 14 ਲੱਖ ਨਵੇਂ ਵੋਟਰਾਂ ਸਮੇਤ 7.4 ਕਰੋੜ ਤੋਂ ਵੱਧ ਵਿਅਕਤੀ ਵੋਟ ਪਾਉਣ ਦੇ ਯੋਗ ਹਨ। ਉਨ੍ਹਾਂ ਕਿਹਾ ਕਿ ਬਿਹਾਰ ਚੋਣਾਂ ਪਾਰਦਰਸ਼ੀ ਅਤੇ ਸ਼ਾਂਤਮਈ ਢੰਗ ਨਾਲ ਕਰਵਾਈਆਂ ਜਾਣਗੀਆਂ। ਕੁਮਾਰ ਨੇ ਕਿਹਾ, 'ਬਿਹਾਰ ਵਿੱਚ ਕੁੱਲ 7.42 ਕਰੋੜ ਵੋਟਰ ਹਨ, ਜਿਨ੍ਹਾਂ ਵਿੱਚੋਂ 3.92 ਕਰੋੜ ਪੁਰਸ਼ ਅਤੇ 3.5 ਕਰੋੜ ਔਰਤਾਂ ਹਨ। 14 ਲੱਖ ਵਿਅਕਤੀ ਪਹਿਲੀ ਵਾਰ ਵੋਟ ਪਾਉਣ ਵਾਲੇ ਅਤੇ 4 ਲੱਖ ਸੀਨੀਅਰ ਸਿਟੀਜ਼ਨ ਵੋਟਰ ਹਨ।' ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਘੱਟੋ-ਘੱਟ 14,000 ਵੋਟਰਾਂ ਦੀ ਉਮਰ 100 ਸਾਲ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਬਿਹਾਰ ਵਿੱਚ ਕੁੱਲ 90,712 ਪੋਲਿੰਗ ਸਟੇਸ਼ਨ ਸਥਾਪਤ ਕੀਤੇ ਜਾ ਰਹੇ ਹਨ। ਚੋਣ ਕਮਿਸ਼ਨਰ ਨੇ ਕਿਹਾ ਕਿ ਪ੍ਰਸ਼ਾਸਨ ਨੂੰ 'ਕਿਸੇ ਵੀ ਤਰ੍ਹਾਂ ਦੀ ਹਿੰਸਾ ਨੂੰ ਰੋਕਣ ਅਤੇ ਵੋਟਰਾਂ ਜਾਂ ਉਮੀਦਵਾਰਾਂ ਲਈ ਕਿਸੇ ਵੀ ਤਰ੍ਹਾਂ ਦੇ ਖ਼ਤਰੇ ਦੀ ਕੋਈ ਗੁੰਜਾਇਸ਼ ਨਾ ਰਹਿਣ ਦੇਣ' ਲਈ ਸਖ਼ਤ ਨਿਰਦੇਸ਼ ਦਿੱਤੇ ਗਏ ਹਨ।

## ਜਲ ਸੈਨਾ ਵੱਲੋਂ ਪਣਡੁੱਬੀ ਰੋਕੂ ਬੇੜਾ 'ਅੰਦਰੋਥ' ਬੇੜੇ 'ਚ ਸ਼ਾਮਲ

ਵਿਸ਼ਾਖਾਪਟਨਮ, 6 ਅਕਤੂਬਰ (ਪ੍ਰਤੀਨਿਧੀ): ਭਾਰਤੀ ਜਲ ਸੈਨਾ ਨੇ ਸੋਮਵਾਰ ਨੂੰ ਇੱਥੇ ਕਰਵਾਏ ਇੱਕ ਰਸਮੀ ਸਮਾਗਮ ਦੌਰਾਨ ਦੂਜੇ ਪਣਡੁੱਬੀ ਰੋਕੂ ਜੰਗੀ ਬੇੜੇ 'ਅੰਦਰੋਥ' ਨੂੰ ਆਪਣੇ ਬੇੜੇ 'ਚ ਸ਼ਾਮਲ ਕੀਤਾ ਹੈ। ਜਲ ਸੈਨਾ ਅਨੁਸਾਰ 'ਅੰਦਰੋਥ' ਦੇ ਸ਼ਾਮਲ ਹੋਣ ਨਾਲ ਉਸ ਦੀ ਪਣਡੁੱਬੀ ਰੋਕੂ ਜੰਗੀ ਸਮਰੱਥਾ ਵੱਧ ਜਾਵੇਗੀ ਜਿਸ ਦਾ ਲਾਭ ਮੁੱਖ ਤੌਰ 'ਤੇ ਜਲ ਸੈਨਾ ਦੀਆਂ ਮੁਹਿੰਮਾਂ ਦੌਰਾਨ ਮਿਲੇਗਾ।

ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪੂਰਬੀ ਜਲ ਸੈਨਾ ਕਮਾਨ (ਈ ਐੱਨ ਸੀ) ਦੇ ਫਲੈਗ ਆਫੀਸਰ ਕਮਾਂਡਿੰਗ ਇਨ ਚੀਫ, ਵਾਈਸ ਐਡਮਿਰਲ ਰਾਜੇਸ਼ ਪੇਂਡਾਰਕਰ ਨੇ ਕੀਤੀ। ਇਸ ਦੌਰਾਨ ਜਲ ਸੈਨਾ ਦੇ ਸੀਨੀਅਰ ਅਧਿਕਾਰੀ ਤੇ ਸ਼ਿੱਪਯਾਰਡ ਦੇ ਨੁਮਾਇੰਦੇ ਵੀ ਹਾਜ਼ਰ ਸਨ।

## ਚੀਫ ਜਸਟਿਸ 'ਤੇ 'ਹਮਲਾ', ਸੰਵਿਧਾਨ 'ਤੇ ਵੀ ਹਮਲਾ: ਸੋਨੀਆ ਗਾਂਧੀ



ਨਵੀਂ ਦਿੱਲੀ, 6 ਅਕਤੂਬਰ (ਪ੍ਰਤੀਨਿਧੀ): ਕਾਂਗਰਸ ਦੀ ਸੰਸਦੀ ਪਾਰਟੀ ਦੀ ਮੁਖੀ ਸੋਨੀਆ ਗਾਂਧੀ ਨੇ ਸੋਮਵਾਰ ਨੂੰ ਕਿਹਾ ਕਿ ਚੀਫ ਜਸਟਿਸ ਬੀ ਆਰ ਗਵਈ 'ਤੇ 'ਹਮਲਾ' ਸਿਰਫ਼ ਉਨ੍ਹਾਂ 'ਤੇ ਹੀ ਨਹੀਂ ਬਲਕਿ ਸੰਵਿਧਾਨ 'ਤੇ ਵੀ ਹਮਲਾ ਹੈ। ਸੋਨੀਆ ਗਾਂਧੀ ਨੇ ਇੱਕ ਬਿਆਨ ਵਿੱਚ ਕਿਹਾ, 'ਸੁਪਰੀਮ ਕੋਰਟ 'ਚ ਭਾਰਤ ਦੇ ਮਾਣਯੋਗ ਚੀਫ ਜਸਟਿਸ 'ਤੇ ਹੋਏ ਹਮਲੇ ਦੀ ਨਿੰਦਾ ਕਰਨ ਲਈ ਕੋਈ ਵੀ ਸ਼ਬਦ ਢੁੱਕਵਾਂ ਨਹੀਂ ਹੈ। ਇਹ ਨਾ ਸਿਰਫ਼ ਉਨ੍ਹਾਂ (ਚੀਫ ਜਸਟਿਸ) 'ਤੇ ਬਲਕਿ ਸਾਡੇ ਸੰਵਿਧਾਨ 'ਤੇ ਵੀ ਹਮਲਾ ਹੈ।' ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਕਿਹਾ, 'ਚੀਫ ਜਸਟਿਸ ਗਵਈ ਬਹੁਤ ਹੀ ਸੁਹਿਰਦ ਹਨ ਪਰ ਦੇਸ਼ ਨੂੰ ਉਨ੍ਹਾਂ ਨਾਲ ਇਕਜੁੱਟ ਹੋ ਕੇ ਖੜ੍ਹੇ ਹੋਣਾ ਚਾਹੀਦਾ ਹੈ।'

ਇਸੇ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਚੀਫ ਜਸਟਿਸ 'ਤੇ ਕਥਿਤ ਤੌਰ 'ਤੇ ਜੁੱਤਾ ਸੁੱਟਣ ਦੀ ਕੋਸ਼ਿਸ਼ ਕਰਨ ਦੀ ਘਟਨਾ ਦੀ ਨਿੰਦਾ ਕਰਦਿਆਂ ਸੋਮਵਾਰ ਨੂੰ ਕਿਹਾ ਕਿ ਇਹ ਨਿਆਂਪਾਲਿਕਾ ਤੇ ਮਾਣ-ਸਨਮਾਨ ਤੇ ਕਾਨੂੰਨ ਦੇ ਸ਼ਾਸਨ 'ਤੇ ਹਮਲਾ ਹੈ। ਖੜਗੇ ਨੇ ਐਕਸ 'ਤੇ ਕਿਹਾ, 'ਅੱਜ ਸੁਪਰੀਮ ਕੋਰਟ 'ਚ ਭਾਰਤ ਦੇ ਮਾਣਯੋਗ ਚੀਫ ਜਸਟਿਸ 'ਤੇ ਹਮਲੇ ਦੀ ਕੋਸ਼ਿਸ਼ ਸ਼ਰਮਨਾਕ ਘਟਨਾ ਹੈ। ਇਹ ਸਾਡੀ ਨਿਆਂਪਾਲਿਕਾ ਦੇ ਮਾਣ-ਸਨਮਾਨ ਤੇ ਕਾਨੂੰਨ ਦੇ ਸ਼ਾਸਨ 'ਤੇ ਹਮਲਾ ਹੈ।'

## ਕਾਨੂੰਨ ਮੰਤਰਾਲੇ ਨੇ ਜੰਮੂ-ਕਸ਼ਮੀਰ ਤੋਂ ਰਾਜ ਸਭਾ ਦੀਆਂ 4 ਸੀਟਾਂ ਖਾਲੀ ਹੋਣ ਦਾ ਕੀਤਾ ਐਲਾਨ

### ਵਿਧਾਨ ਸਭਾ ਦੇ ਗਠਨ ਤੋਂ ਬਾਅਦ ਵਿਰੋਧੀ ਪਾਰਟੀਆਂ ਚਾਰ ਰਾਜ ਸਭਾ ਸੀਟਾਂ 'ਤੇ ਚੋਣਾਂ ਦੀ ਮੰਗ ਕਰ ਰਹੀਆਂ ਹਨ



ਨਵੀਂ ਦਿੱਲੀ, 6 ਅਕਤੂਬਰ (ਜਸਕੀਰਤ ਸਿੰਘ): ੭ਸਰਕਾਰ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਤੋਂ ਰਾਜ ਸਭਾ ਦੀਆਂ ਚਾਰ ਸੀਟਾਂ ਦੀਆਂ ਖਾਲੀ ਅਸਾਮੀਆਂ ਦਾ ਐਲਾਨ ਕੀਤਾ ਹੈ, ਜੋ ਫਰਵਰੀ 2021 ਵਿੱਚ ਗੁਲਾਮ ਨਬੀ ਆਜ਼ਾਦ ਅਤੇ ਤਿੰਨ ਹੋਰਾਂ ਦੀ ਸੇਵਾਮੁਕਤੀ ਕਾਰਨ ਖਾਲੀ ਹੋ ਗਈਆਂ ਸਨ।

ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰਾਲੇ ਦੇ ਵਿਧਾਨਕ ਵਿਭਾਗ ਦੁਆਰਾ ਜਾਰੀ ਇੱਕ ਨੋਟੀਫਿਕੇਸ਼ਨ ਵਿੱਚ ਲਿਖਿਆ ਗਿਆ ਹੈ ,ਲੋਕ ਪ੍ਰਤੀਨਿਧਿਤਾ ਐਕਟ, 1951 (1951 ਦਾ 43) ਦੀ ਧਾਰਾ 10 ਦੇ ਤਹਿਤ, ਰਾਸ਼ਟਰਪਤੀ ਨੇ ਜੰਮੂ ਅਤੇ ਕਸ਼ਮੀਰ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਵਿਧਾਨਕ ਸਭਾ ਦੇ ਚੁਣੇ ਗਏ ਮੈਂਬਰਾਂ ਨੂੰ,ਉਕਤ ਐਕਟ ਅਤੇ ਉਸ ਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਹੁਕਮਾਂ ਦੇ ਅਨੁਸਾਰ ਉਹ ਸੀਟ ਭਰੀ ਜਾ ਸਕੇ ਜੋ 15 ਫ਼ਰਵਰੀ, 2021 ਨੂੰ ਸ਼੍ਰੀ ਗੁਲਾਮ ਨਬੀ ਆਜ਼ਾਦ ਅਤੇ ਸ਼੍ਰੀ ਨਜ਼ੀਰ ਅਹਿਮਦ ਲਾਵੇ, ਜੋ ਕਿ ਰਾਜ ਸਭਾ ਦੇ ਮੈਂਬਰ ਸਨ, ਦੀ ਮਿਆਦ ਸਮਾਪਤ ਹੋਣ ਤੋਂ ਬਾਅਦ ਖਾਲੀ ਹੋ ਗਈ ਸੀ।

ਰਾਜ ਸਭਾ ਮੈਂਬਰਾਂ ਮੀਰ ਮੁਹੰਮਦ ਫਯਾਜ਼ ਅਤੇ ਸ਼ਮਸ਼ੇਰ ਸਿੰਘ, ਜੋ 10 ਫਰਵਰੀ, 2021 ਨੂੰ ਸੇਵਾਮੁਕਤ ਹੋਏ ਸਨ, ਦੀ ਸੇਵਾਮੁਕਤੀ ਕਾਰਨ ਪੈਦਾ ਹੋਈਆਂ ਖਾਲੀ ਅਸਾਮੀਆਂ ਦੇ ਸੰਬੰਧ ਵਿੱਚ ਦੋ ਹੋਰ ਵੱਖ-ਵੱਖ ਪਰ ਇੱਕੋ ਜਿਹੀਆਂ ਨੋਟੀਫਿਕੇਸ਼ਨਾਂ ਜਾਰੀ ਕੀਤੀਆਂ ਗਈਆਂ ਹਨ।

ਜੰਮੂ ਅਤੇ ਕਸ਼ਮੀਰ ਵਿੱਚ ਜਦੋਂ ਇਹ ਅਸਾਮੀਆਂ ਖਾਲੀ ਹੋਈਆਂ ਸਨ, ਉਸ ਸਮੇਂ ਕੋਈ ਵਿਧਾਨ ਸਭਾ ਨਹੀਂ ਸੀ, ਇਸ ਲਈ ਚਾਰ ਸੀਟਾਂ ਲਈ ਚੋਣਾਂ ਨਹੀਂ ਹੋ ਸਕੀਆਂ।

ਪਿਛਲੇ ਸਾਲ ਵਿਧਾਨ ਸਭਾ ਦੇ ਗਠਨ ਤੋਂ ਬਾਅਦ ਵਿਰੋਧੀ ਪਾਰਟੀਆਂ ਚਾਰ ਰਾਜ ਸਭਾ ਸੀਟਾਂ 'ਤੇ ਚੋਣਾਂ ਦੀ ਮੰਗ ਕਰ ਰਹੀਆਂ ਹਨ।

ਪਿਛਲੇ ਮਹੀਨੇ, ਚੋਣ ਕਮਿਸ਼ਨ ਨੇ ਕਿਹਾ ਸੀ ਕਿ ਜੰਮੂ-ਕਸ਼ਮੀਰ ਦੀਆਂ ਚਾਰ ਰਾਜ ਸਭਾ ਸੀਟਾਂ ਲਈ ਚੋਣਾਂ 24 ਅਕਤੂਬਰ ਨੂੰ ਹੋਣਗੀਆਂ।

## ਉਪ ਰਾਸ਼ਟਰਪਤੀ ਵੱਲੋਂ ਰਾਜ ਸਭਾ ਸਕੱਤਰੇਤ ਦੇ ਕੰਮਕਾਰ ਦੀ ਸਮੀਖਿਆ, ਅਧਿਕਾਰੀਆਂ ਨਾਲ ਕੀਤੀ ਮੀਟਿੰਗ


ਫੋਟੋ:ਹਰਸਿਮਰਨ ਸਿੰਘ

ਨਵੀਂ ਦਿੱਲੀ, 6 ਅਕਤੂਬਰ (ਅੰਮ੍ਰਿਤਪਾਲ ਸਿੰਘ) :ਉਪ ਰਾਸ਼ਟਰਪਤੀ ਸੀ ਪੀ ਰਾਧਾਕ੍ਰਿਸ਼ਨਨ ਨੇ ਸੋਮਵਾਰ ਨੂੰ ਰਾਜ ਸਭਾ ਸਕੱਤਰੇਤ ਦੇ ਕੰਮਕਾਰ ਦੀ ਸਮੀਖਿਆ ਕੀਤੀ ਅਤੇ ਇਸ ਦੇ ਅਧਿਕਾਰੀਆਂ ਨਾਲ ਚਰਚਾ ਕੀਤੀ। ਰਾਧਾਕ੍ਰਿਸ਼ਨਨ ਰਾਜ ਸਭਾ ਦੇ ਚੇਅਰਮੈਨ ਵੀ ਹਨ।

ਉਨ੍ਹਾਂ ਦੇ ਦਫ਼ਤਰ ਨੇ ਦੱਸਿਆ ਕਿ ਰਾਧਾਕ੍ਰਿਸ਼ਨਨ ਨੂੰ ਉੱਪਰਲੇ ਸਦਨ ਦੇ ਸਕੱਤਰੇਤ ਦੇ ਵੱਖ ਵੱਖ ਵਿਭਾਗਾਂ ਤੇ ਤਰਜੀਹਾਂ 'ਤੇ ਰੋਸ਼ਨੀ ਪਾਉਂਦਿਆਂ ਵਿਸਤਾਰ ਨਾਲ ਜਾਣਕਾਰੀ ਦਿੱਤੀ ਗਈ। ਦਫ਼ਤਰ ਨੇ ਸੋਸ਼ਲ ਮੀਡੀਆ ਮੰਚ ਐਕਸ 'ਤੇ ਇੱਕ ਪੋਸਟ 'ਚ ਕਿਹਾ, 'ਉਪ ਰਾਸ਼ਟਰਪਤੀ ਤੇ ਰਾਜ ਸਭਾ ਦੇ ਚੇਅਰਮੈਨ ਸੀ ਪੀ ਰਾਧਾਕ੍ਰਿਸ਼ਨਨ ਨੇ ਅੱਜ (ਸੋਮਵਾਰ ਨੂੰ) ਰਾਜ ਸਭਾ ਸਕੱਤਰੇਤ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਰਾਜ ਸਭਾ ਸਕੱਤਰੇਤ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਸਦਨ ਤੇ ਉਨ੍ਹਾਂ ਮੈਂਬਰਾਂ ਨੂੰ ਵਿਧਾਨਕ, ਪ੍ਰਸ਼ਾਸਨਿਕ ਤੇ ਪ੍ਰਕਿਰਿਆ ਸਬੰਧੀ ਮਦਦ ਮੁਹੱਈਆ ਕਰਨ ਵਿੱਚ ਇਸ ਦੀ ਭੂਮਿਕਾ ਸਮੇਤ ਇਸ ਦੇ ਕੰਮਕਾਰ ਦੀ ਸਮੀਖਿਆ ਕੀਤੀ।' ਰਾਧਾਕ੍ਰਿਸ਼ਨਨ ਮੰਗਲਵਾਰ ਨੂੰ ਸੰਸਦ ਭਵਨ ਦੇ ਅਨੈਕਸੀ ਭਵਨ 'ਚ ਵੱਖ ਵੱਖ ਪਾਰਟੀਆਂ ਦੇ ਆਗੂਆਂ ਨਾਲ ਮੀਟਿੰਗ ਕਰਨਗੇ।

## ਕਟਕ ਹਿੰਸਾ: ਪੁਲਿਸ ਨੇ ਅੱਠ ਲੋਕਾਂ ਨੂੰ ਕੀਤਾ ਗ੍ਰਿਫ਼ਤਾਰ; 36 ਘੰਟੇ ਦਾ ਕਰਫਿਊ, ਇੰਟਰਨੈੱਟ ਸੇਵਾਵਾਂ ਬੰਦ



ਕਟਕ (ਓਡੀਸ਼ਾ), 6 ਅਕਤੂਬਰ (ਪ੍ਰਤੀਨਿਧੀ): ਦੁਰਗਾ ਮੂਰਤੀਆਂ ਦੇ ਵਿਸਰਜਨ ਦੌਰਾਨ ਦੋ ਸਮੂਹਾਂ ਵਿਚਕਾਰ ਹਿੰਸਾ ਭੜਕਣ ਤੋਂ ਕੁਝ ਘੰਟਿਆਂ ਬਾਅਦ ਓਡੀਸ਼ਾ ਦੇ ਕਟਕ ਸ਼ਹਿਰ ਵਿੱਚ ਸਥਿਤੀ ਤਣਾਅਪੂਰਨ ਬਣ ਗਈ। ਹਾਲਾਂਕਿ ਲਗਾਤਾਰ ਪੁਲਿਸ ਵੱਲੋਂ ਜਾਂਚ ਜਾਰੀ ਹੈ ਅਤੇ ਹੁਣ ਤੱਕ ਪੁਲਿਸ ਨੇ ਅੱਠ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੌਰਾਨ, ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐੱਚ.ਪੀ.) ਨੇ 6 ਅਕਤੂਬਰ ਨੂੰ ਸ਼ਹਿਰ ਵਿੱਚ 12 ਘੰਟੇ ਦੇ ਬੰਦ ਦਾ ਸੱਦਾ ਦਿੱਤਾ ਹੈ।

ਪੁਲਿਸ ਅਨੁਸਾਰ ਝੜਪ ਸਵੇਰੇ 1.30 ਵਜੇ ਤੋਂ 2 ਵਜੇ ਦੇ ਵਿਚਕਾਰ ਉਦੋਂ ਹੋਈ ਜਦੋਂ ਵਿਸਰਜਨ ਜਲੂਸ ਦਰਗਾਹਬਾਜ਼ਾਰ ਖੇਤਰ ਵਿੱਚ ਹਾਥੀ ਪੋਖਰੀ ਨੇੜੇ ਕਥਾਜੋੜੀ ਨਦੀ ਦੇ ਕੰਢੇ ਦੇਵੀਗੜ੍ਹ ਵੱਲ ਵਧ ਰਿਹਾ ਸੀ।

ਉਨ੍ਹਾਂ ਕਿਹਾ ਕਿ ਹਿੰਸਾ ਨੂੰ ਰੋਕਣ ਲਈ ਸ਼ਾਮ 7 ਵਜੇ ਤੋਂ 24 ਘੰਟਿਆਂ ਲਈ ਇੰਟਰਨੈੱਟ ਸੇਵਾਵਾਂ ਵੀ ਮੁਅੱਤਲ ਕਰ ਦਿੱਤੀਆਂ ਗਈਆਂ ਹਨ।

ਅਧਿਕਾਰੀਆਂ ਨੇ ਦੱਸਿਆ ਕਿ ਹਿੰਸਾ ਉਦੋਂ ਸ਼ੁਰੂ ਹੋਈ ਜਦੋਂ ਕੁਝ ਸਥਾਨਕ ਲੋਕਾਂ ਨੇ ਜਲੂਸ ਦੌਰਾਨ ਵਜਾਏ ਜਾ ਰਹੇ ਉੱਚੀ ਆਵਾਜ਼ ਵਾਲੇ ਸੰਗੀਤ 'ਤੇ ਇਤਰਾਜ਼ ਕੀਤਾ। ਇਹ ਬਹਿਸ ਜਲਦੀ ਹੀ ਟਕਰਾਅ ਵਿੱਚ ਬਦਲ ਗਈ, ਭੀੜ ਨੇ ਛੱਤਾਂ ਤੋਂ ਪੱਥਰ ਅਤੇ ਕੱਚ ਦੀਆਂ ਬੋਤਲਾਂ ਸੁੱਟੀਆਂ, ਜਿਸ ਨਾਲ ਕਟਕ ਦੇ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਡੀਸੀਪੀ) ਖਿਲਾਰੀ ? ?ਰਿਸ਼ੀਕੇਸ਼ ਗਿਆਨਦੇਵ ਸਮੇਤ ਕਈ ਲੋਕ ਜ਼ਖਮੀ ਹੋ ਗਏ।

ਸਥਿਤੀ ਨੂੰ ਕਾਬੂ ਕਰਨ ਲਈ ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ। ਝੜਪ ਦੌਰਾਨ ਕਈ ਵਾਹਨਾਂ ਅਤੇ ਸੜਕ ਕਿਨਾਰੇ ਖੜ੍ਹੀਆਂ ਗੱਡੀਆਂ ਨੂੰ ਵੀ ਨੁਕਸਾਨ ਪਹੁੰਚਿਆ।

ਪੂਜਾ ਕਮੇਟੀ ਦੇ ਮੈਂਬਰਾਂ ਨੇ ਝੜਪ ਵਿੱਚ ਸ਼ਾਮਲ ਲੋਕਾਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਕਾਰਨ ਵਿਸਰਜਨ ਸਮਾਰੋਹ ਲਗਭਗ ਤਿੰਨ ਘੰਟਿਆਂ ਲਈ ਰੋਕਿਆ ਗਿਆ।

ਵਿਸਰਜਨ ਸਮਾਰੋਹ ਸਖ਼ਤ ਸੁਰੱਖਿਆ ਵਿਚਕਾਰ ਦੁਬਾਰਾ ਸ਼ੁਰੂ ਹੋਇਆ ਅਤੇ ਬਾਕੀ ਸਾਰੀਆਂ ਮੂਰਤੀਆਂ ਐਤਵਾਰ ਸਵੇਰੇ 9:30 ਵਜੇ ਤੱਕ ਵਿਸਰਜਨ ਕਰ ਦਿੱਤੀਆਂ ਗਈਆਂ।

ਪੁਲਿਸ ਅਨੁਸਾਰ, ਹੁਣ ਤੱਕ ਛੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਸੀਸੀਟੀਵੀ ਫੁਟੇਜ, ਡਰੋਨ ਫੁਟੇਜ ਅਤੇ ਚਸ਼ਮਦੀਦਾਂ ਦੇ ਬਿਆਨਾਂ ਦੇ ਆਧਾਰ 'ਤੇ ਹੋਰਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੰਵੇਦਨਸ਼ੀਲ ਇਲਾਕਿਆਂ ਵਿੱਚ ਵਾਧੂ ਪੁਲਿਸ ਬਲ ਤਾਇਨਾਤ ਕੀਤੇ ਗਏ ਹਨ।

## ਆਮ ਆਦਮੀ ਪਾਰਟੀ ਵੱਲੋਂ ਬਿਹਾਰ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ

### ਸਾਰੀਆਂ 243 ਸੀਟਾਂ ਤੋਂ ਲੜੇਗੀ ਚੋਣ; 11 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ



ਪਟਨਾ, 6 ਅਕਤੂਬਰ (ਪ੍ਰਤੀਨਿਧੀ): ਆਮ ਆਦਮੀ ਪਾਰਟੀ (ਆਪ) ਨੇ ਸੋਮਵਾਰ ਨੂੰ ਬਿਹਾਰ ਵਿਧਾਨ ਸਭਾ ਦੀਆਂ ਸਾਰੀਆਂ 243 ਸੀਟਾਂ 'ਤੇ ਚੋਣ ਲੜਨ ਦਾ ਐਲਾਨ ਕਰਦਿਆਂ ਸੂਬੇ ਵਿੱਚ ਆਪਣੇ 11 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਦੇ ਸੂਬਾ ਇੰਚਾਰਜ ਅਜੇਸ਼ ਯਾਦਵ ਨੇ ਕਿਹਾ ਕਿ ਪਾਰਟੀ ਨੂੰ ਦਿੱਲੀ ਅਤੇ ਪੰਜਾਬ ਵਿੱਚ ਆਪਣੀ ਸਰਕਾਰ ਦੇ ਮਾਡਲ ਨੂੰ ਬਿਹਾਰ ਵਿੱਚ ਵੀ ਦੁਹਰਾਉਣ ਦਾ ਭਰੋਸਾ ਹੈ। ਉਨ੍ਹਾਂ ਕਿਹਾ, ÷ਸਾਡੇ ਕੋਲ ਵਿਕਾਸ ਅਤੇ ਪ੍ਰਸ਼ਾਸਨ ਦਾ ਇੱਕ ਪ੍ਰਵਾਨਿਤ ਮਾਡਲ ਹੈ। ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਕੰਮ ਦੀ ਚਰਚਾ ਦੇਸ਼ ਭਰ ਵਿੱਚ ਹੋ ਰਹੀ ਹੈ। ਪੂਰਵਾਂਚਲ ਖੇਤਰ ਦੇ ਲੋਕਾਂ ਨੇ ਦਿੱਲੀ ਵਿੱਚ ਸਾਡੀ ਜਿੱਤ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਸੀ।÷ ਉਨ੍ਹਾਂ ਅੱਗੇ ਕਿਹਾ, ÷ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਜੇ ਉਹ ਦਿੱਲੀ ਵਿੱਚ ਸਰਕਾਰ ਬਣਾਉਣ ਵਿੱਚ ਸਾਡੀ ਮਦਦ ਕਰ ਸਕਦੇ ਹਨ ਤਾਂ ਬਿਹਾਰ ਵਿੱਚ ਕਿਉਂ ਨਹੀਂ?÷ ਪਾਰਟੀ ਨੇ ਬੇਗੂਸਰਾਏ ਤੋਂ ਮੀਰਾ ਸਿੰਘ, ਪੂਰਨੀਆ ਜ਼ਿਲ੍ਹੇ ਦੀ ਕਸਬਾ ਸੀਟ ਤੋਂ ਭਾਨੂ ਭਾਰਤੀ, ਪਟਨਾ ਦੀ ਫੁਲਵਾਰੀ ਸੀਟ ਤੋਂ ਅਰੁਣ ਕੁਮਾਰ ਰਾਜਕ, ਪਟਨਾ ਦੇ ਬਾਂਕੀਪੁਰ ਤੋਂ ਪੰਕਜ ਕੁਮਾਰ, ਮੋਤੀਹਾਰੀ ਦੇ ਗੋਵਿੰਦਗੰਜ ਤੋਂ ਅਸ਼ੋਕ ਕੁਮਾਰ ਸਿੰਘ ਅਤੇ ਬਕਸਰ ਸੀਟ ਤੋਂ ਸੇਵਾਮੁਕਤ ਕੈਪਟਨ ਧਰਮਰਾਜ ਸਿੰਘ ਨੂੰ ਮੈਦਾਨ ਵਿੱਚ ਉਤਾਰਿਆ ਹੈ। ਯਾਦਵ ਨੇ ਦੱਸਿਆ ਕਿ ਪਾਰਟੀ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਜਲਦੀ ਹੀ ਜਾਰੀ ਕਰ ਦਿੱਤੀ ਜਾਵੇਗੀ। 'ਆਪ' ਦੇ ਸੂਬਾਈ ਸਹਿ-ਇੰਚਾਰਜ ਅਭਿਨਵ ਰਾਏ ਨੇ ਮੌਜੂਦਾ ਸਿਆਸੀ ਧੜਿਆਂ ਨਾਲ ਕਿਸੇ ਵੀ ਗੱਠਜੋੜ ਤੋਂ ਇਨਕਾਰ ਕਰ ਦਿੱਤਾ ਹੈ।

## ਸੋਨੇ ਦੀ ਕੀਮਤ 1 ਲੱਖ 30 ਹਜ਼ਾਰ ਰੁਪਏ ਪ੍ਰਤੀ 10 ਗ੍ਰਾਮ ਤੋਂ ਪਾਰ

### ਰੁਪੱਈਏ ਦੇ ਰਿਕਾਰਡ ਹੇਠਲੇ ਪੱਧਰ 'ਤੇ ਪਹੁੰਚਣ ਕਾਰਨ ਸੋਨਾ ਨਵੇਂ ਸਿਖਰ 'ਤੇ; ਚਾਂਦੀ ਵੀ ਚਮਕੀ




ਨਵੀਂ ਦਿੱਲੀ, 6 ਅਕਤੂਬਰ (ਪ੍ਰਤੀਨਿਧੀ): ਵਿਦੇਸ਼ੀ ਬਾਜ਼ਾਰਾਂ ਵਿੱਚ ਸੁਰੱਖਿਅਤ ਨਿਵੇਸ਼\ਬੀ ਦੀ ਖਰੀਦਦਾਰੀ ਅਤੇ ਰੁਪਏ ਦੇ ਮੁੱਲ ਵਿੱਚ ਗਿਰਾਵਟ ਕਾਰਨ ਸੋਮਵਾਰ ਨੂੰ ਕੌਮੀ ਰਾਜਧਾਨੀ ਵਿੱਚ ਸੋਨੇ ਦੀਆਂ ਕੀਮਤਾਂ 9,700 ਰੁਪਏ ਦੇ ਵਾਧੇ ਨਾਲ 1,30,300 ਰੁਪਏ ਪ੍ਰਤੀ 10 ਗ੍ਰਾਮ\ਬੀ ਦੇ ਨਵੇਂ ਸਿਖਰ 'ਤੇ ਪਹੁੰਚ ਗਈਆਂ।

ਆਲ ਇੰਡੀਆ ਸਰਾਫ਼ਾ ਐਸੋਸੀਏਸ਼ਨ ਅਨੁਸਾਰ, 99.9 ਫੀਸਦੀ ਸ਼ੁੱਧਤਾ ਵਾਲੀ ਪੀਲੀ ਧਾਤ ਸ਼ੁੱਕਰਵਾਰ ਨੂੰ 1,20,600 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਈ ਸੀ। ਸਥਾਨਕ ਸਰਾਫ਼ਾ ਬਾਜ਼ਾਰ ਵਿੱਚ 99.5 ਫੀਸਦੀ ਸ਼ੁੱਧਤਾ ਵਾਲਾ ਸੋਨਾ ਸੋਮਵਾਰ ਨੂੰ 2,700 ਰੁਪਏ\ਬੀ ਦੇ ਵਾਧੇ ਨਾਲ (ਸਾਰੇ ਟੈਕਸਾਂ ਸਮੇਤ) 1,22,700 ਪ੍ਰਤੀ 10 ਗ੍ਰਾਮ ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ। ਪਿਛਲੇ ਬਾਜ਼ਾਰ ਸੈਸ਼ਨ ਵਿੱਚ ਇਹ 1,20,000 ਰੁਪਏ ਪ੍ਰਤੀ 10 ਗ੍ਰਾਮ 'ਤੇ ਸੈਟਲ ਹੋਇਆ ਸੀ।

ਚਾਂਦੀ ਦੀਆਂ ਕੀਮਤਾਂ ਵਿੱਚ ਵੀ ਜ਼ਬਰਦਸਤ ਵਾਧਾ ਦੇਖਣ ਨੂੰ ਮਿਲਿਆ। ਚਿੱਟੀ ਧਾਤੂ 7,400 ਰੁਪਏ ਦੇ ਉਛਾਲ ਨਾਲ (ਸਾਰੇ ਟੈਕਸਾਂ ਸਮੇਤ) 1,57,400 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਨਵੇਂ ਸਿਖਰ 'ਤੇ ਪਹੁੰਚ ਗਈ। ਇਹ ਸ਼ੁੱਕਰਵਾਰ ਨੂੰ 1,50,000 ਰੁਪਏ ਪ੍ਰਤੀ ਕਿਲੋਗ੍ਰਾਮ\ਬੀ 'ਤੇ ਬੰਦ ਹੋਈ ਸੀ।

ਉਧਰ ਕੌਮਾਂਤਰੀ ਬਜ਼ਾਰਾਂ ਵਿੱਚ ਸਪੌਟ ਸੋਨਾ ਲਗਪਗ 2 ਫੀਸਦੀ ਵਧ ਕੇ 3,949.58 ਡਾਲਰ ਪ੍ਰਤੀ ਔਂਸ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ, ਜਦੋਂ ਕਿ ਚਾਂਦੀ 1 ਫੀਸਦੀ ਤੋਂ ਵੱਧ ਵਧ ਕੇ 48.75 ਡਾਲਰ ਪ੍ਰਤੀ ਔਂਸ ਦੇ ਉੱਚ ਪੱਧਰ 'ਤੇ ਪਹੁੰਚ ਗਈ।

## ਵਕੀਲ ਦੀ ਪੁਸ਼ਾਕ ਪਾਈ ਵਿਅਕਤੀ ਵੱਲੋਂ ਚੀਫ਼ ਜਸਟਿਸ ਗਵਈ ਵੱਲ ਜੁੱਤੀ ਸੁੱਟਣ ਦੀ ਕੋਸ਼ਿਸ਼



ਨਵੀਂ ਦਿੱਲੀ, 6 ਅਕਤੂਬਰ (ਪ੍ਰਤੀਨਿਧੀ): ਸੁਪਰੀਮ ਕੋਰਟ ਵਿਚ ਅੱਜ ਕੇਸ ਦੀ ਸੁਣਵਾਈ ਦੌਰਾਨ ਵਕੀਲ ਦੀ ਪੁਸ਼ਾਕ ਪਾਈ ਇਕ ਵਿਅਕਤੀ ਨੇ ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਬੀਆਰ ਗਵਈ ਵੱਲ ਜੁੱਤੀ ਸੁੱਟਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਕੋਰਟ ਵਿਚ ਮੌਜੂਦ ਅਮਲੇ ਨੇ ਇਸ ਵਿਅਕਤੀ ਨੂੰ ਸਮੇਂ ਰਹਿੰਦਿਆਂ ਕਾਬੂ ਕਰ ਲਿਆ। ਅਦਾਲਤੀ ਕਮਰੇ ਵਿੱਚੋਂ ਬਾਹਰ ਕੱਢੇ ਜਾਣ ਮੌਕੇ ਸਮੇਂ ਇਸ ਵਿਅਕਤੀ ਨੇ 'ਸਨਾਤਨ ਕਾ ਅਪਮਾਨ ਨਹੀਂ ਸਹੇਗਾ ਹਿੰਦੁਸਤਾਨ' ਦਾ ਨਾਅਰਾ ਲਾਇਆ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਸੀਜੇਆਈ ਦੀ ਅਗਵਾਈ ਵਾਲਾ ਬੈਂਚ ਵਕੀਲਾਂ ਵੱਲੋਂ ਕੇਸਾਂ ਦੇ ਜ਼ਿਕਰ ਦੀ ਸੁਣਵਾਈ ਕਰ ਰਿਹਾ ਸੀ।

ਇਸ ਘਟਨਾ ਕਰਕੇ ਕੋਰਟ ਦੀ ਕਾਰਵਾਈ ਵਿਚ ਪਈ ਰੁਕਾਵਟ ਦੇ ਬਾਵਜੂਦ, ਸੀਜੇਆਈ ਗਵਈ ਸ਼ਾਂਤ ਰਹੇ। ਉਨ੍ਹਾ ਅਦਾਲਤੀ ਕਾਰਵਾਈ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰੱਖਣ ਦਾ ਨਿਰਦੇਸ਼ ਦਿੱਤਾ। ਚੀਫ ਜਸਟਿਸ ਗਵਈ ਨੇ ਇਸ ਘਟਨਾ ਦੇ ਪ੍ਰਤੀਕਰਮ ਵਿਚ ਕਿਹਾ ਕਿ ਉਨ੍ਹਾਂ ਨੂੰ ਅਜਿਹੀਆਂ ਚੀਜ਼ਾਂ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ। ਉਨ੍ਹਾਂ ਵਕੀਲਾਂ ਨੂੰ ਆਪਣੀਆਂ ਦਲੀਲਾਂ ਜਾਰੀ ਰੱਖਣ ਦੀ ਹਦਾਇਤ ਕਰਦੇ ਹੋਏ ਕਿਹਾ, "ਇਸ ਸਭ ਤੋਂ ਧਿਆਨ ਨਾ ਭਟਕਾਓ। ਅਜਿਹੀਆਂ ਚੀਜ਼ਾਂ ਮੈਨੂੰ ਪ੍ਰਭਾਵਿਤ ਨਹੀਂ ਕਰਦੀਆਂ।"

ਸੁਪਰੀਮ ਕੋਰਟ ਦੀ ਸੁਰੱਖਿਆ ਇਕਾਈ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਹੋਰ ਵੇਰਵਿਆਂ ਦੀ ਉਡੀਕ ਹੈ।

# ਦੀਵਾਲੀ ਤੇ ਹਰੇ ਪਟਾਕਿਆਂ ਤੇ ਲੱਗੀ ਪਾਬੰਦੀ ਹਟਾਉਣ ਲਈ ਅਦਾਲਤ ਜਾਵੇਗੀ ਦਿੱਲੀ ਸਰਕਾਰ: ਰੇਖਾ ਗੁਪਤਾ



ਨਵੀਂ ਦਿੱਲੀ, 6 ਅਕਤੂਬਰ (ਅੰਮ੍ਰਿਤਪਾਲ ਸਿੰਘ) : ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਰਾਸ਼ਟਰੀ ਰਾਜਧਾਨੀ ਵਿੱਚ ਦੀਵਾਲੀ 'ਤੇ ਹਰੇ ਪਟਾਕੇ ਚਲਾਉਣ ਦੀ ਇਜਾਜ਼ਤ ਲੈਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕਰੇਗੀ।

ਗੁਪਤਾ ਨੇ ਕਿਹਾ ਕਿ ਸਰਕਾਰ ਸੁਪਰੀਮ ਕੋਰਟ ਦੇ ਸਾਹਮਣੇ ਲਿਖਤੀ ਰੂਪ ਵਿੱਚ ਆਪਣਾ ਮਾਮਲਾ ਪੇਸ਼ ਕਰੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਪ੍ਰਮਾਣਿਤ ਹਰੇ ਪਟਾਕਿਆਂ ਦੀ ਵਰਤੋਂ, ਜਨਤਕ ਭਾਗੀਦਾਰੀ ਨੂੰ ਯਕੀਨੀ ਬਣਾਉਣ ਅਤੇ ਨਿਯਮਾਂ ਦੀ ਪਾਲਣਾ ਲਈ ਨਿਰਦੇਸ਼ ਮੰਗੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਦੀਵਾਲੀ ਸਭ ਤੋਂ ਵੱਡੇ ਤਿਉਹਾਰਾਂ ਵਿੱਚੋਂ ਇੱਕ ਹੈ ਅਤੇ ਉਨ੍ਹਾਂ ਦੀ ਸਰਕਾਰ ਨੇ ਸ਼ਹਿਰ ਵਿੱਚ ਕਰੋੜਾਂ ਲੋਕਾਂ ਦੁਆਰਾ ਇਸ ਤਿਉਹਾਰ ਨੂੰ ਮਨਾਉਣ ਦੇ ਮੱਦੇਨਜ਼ਰ ਅਦਾਲਤ ਦਾ ਦਰਵਾਜ਼ਾ ਖੜਕਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ, 'ਦਿੱਲੀ ਸਰਕਾਰ ਪ੍ਰਦੂਸ਼ਣ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਕਰਨ ਅਤੇ ਵਾਤਾਵਰਣ ਦੀ ਰੱਖਿਆ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੀ ਹੈ ਅਤੇ ਇਸ ਸਬੰਧ ਵਿੱਚ ਜਾਰੀ ਕੀਤੇ ਗਏ ਕਿਸੇ ਵੀ ਨਿਰਦੇਸ਼ ਨੂੰ ਲਾਗੂ ਕਰਨ ਵਿੱਚ ਸੁਪਰੀਮ ਕੋਰਟ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੰਦੀ ਹੈ।' ਅਦਾਲਤ ਦੇ ਹੁਕਮਾਂ ਅਨੁਸਾਰ, ਦਿੱਲੀ ਵਿੱਚ ਹਰ ਤਰ੍ਹਾਂ ਦੇ ਪਟਾਕਿਆਂ 'ਤੇ ਪਾਬੰਦੀ ਹੈ।

# ਉੱਤਰੀ ਬੰਗਾਲ 'ਚ ਹੜ੍ਹ 'ਮਨੁੱਖ ਵੱਲੋਂ ਸਹੇੜੀ' ਮੁਸੀਬਤ; ਝਾਰਖੰਡ ਨੂੰ ਬਚਾਉਣ ਲਈ ਡੀਵੀਸੀ ਨੇ ਵਾਧੂ ਪਾਣੀ ਛੱਡਿਆ: ਮਮਤਾ



ਕੋਲਕਾਤਾ, 6 ਅਕਤੂਬਰ (ਪ੍ਰਤੀਨਿਧੀ) : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੋਮਵਾਰ ਨੂੰ ਉੱਤਰੀ ਬੰਗਾਲ ਵਿੱਚ ਆਏ ਹੜ੍ਹਾਂ ਅਤੇ ਇਸ ਕਾਰਨ ਹੋਈ ਤਬਾਹੀ ਨੂੰ 'ਮਨੁੱਖ ਵੱਲੋਂ ਸਹੇੜੀ' ਮੁਸੀਬਤ ਦੱਸਿਆ। ਉਨ੍ਹਾਂ ਦੋਸ਼ ਲਾਇਆ ਕਿ ਡੀਵੀਸੀ ਨੇ ਝਾਰਖੰਡ ਨੂੰ ਹੜ੍ਹਾਂ ਤੋਂ ਬਚਾਉਣ ਲਈ ਵਾਧੂ ਪਾਣੀ ਛੱਡਿਆ, ਜਿਸ ਕਾਰਨ ਰਾਜ ਦੇ ਦੱਖਣੀ ਹਿੱਸਿਆਂ ਵਿੱਚ ਨਦੀਆਂ ਭਰ ਗਈਆਂ। ਬੈਨਰਜੀ ਨੇ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਰਕੇ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ 5 ਲੱਖ ਰੁਪਏ ਦਾ ਮੁਆਵਜ਼ਾ ਦੇਣ ਅਤੇ ਪੀੜਤ ਪਰਿਵਾਰਾਂ ਦੇ ਇੱਕ ਮੈਂਬਰ ਨੂੰ ਹੋਮਗਾਰਡ ਦੀ ਨੌਕਰੀ ਦੇਣ ਦਾ ਵੀ ਐਲਾਨ ਕੀਤਾ।

ਮੁੱਖ ਮੰਤਰੀ ਨੇ ਕਿਹਾ, "ਸਾਨੂੰ ਹੁਣ ਤੱਕ ਉੱਤਰੀ ਬੰਗਾਲ ਵਿੱਚ ਹੜ੍ਹਾਂ ਵਿੱਚ 23 ਮੌਤਾਂ ਦੀਆਂ ਰਿਪੋਰਟਾਂ ਮਿਲੀਆਂ ਹਨ। ਇਸ ਖੇਤਰ ਵਿੱਚ ਸ਼ਨਿੱਚਰਵਾਰ ਰਾਤ ਤੋਂ ਐਤਵਾਰ ਤੜਕੇ ਤੱਕ 12 ਘੰਟਿਆਂ ਦੀ ਮਿਆਦ ਵਿੱਚ 300 ਮਿਲੀਮੀਟਰ ਤੋਂ ਵੱਧ ਮੀਂਹ ਪਿਆ।"

ਮੁੱਖ ਮੰਤਰੀ ਉੱਤਰੀ ਬੰਗਾਲ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਅਤੇ ਬਚਾਅ ਕਾਰਜਾਂ ਦੀ ਸਮੀਖਿਆ ਲਈ ਬਾਗਡੋਗਰਾ ਰਵਾਨਾ ਹੋਣ ਤੋਂ ਪਹਿਲਾਂ ਕੋਲਕਾਤਾ ਹਵਾਈ ਅੱਡੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਅਧਿਕਾਰੀਆਂ ਨੇ ਕਿਹਾ ਕਿ ਪਿਛਲੇ 48 ਘੰਟਿਆਂ ਤੋਂ ਰਾਜ ਦੇ ਉੱਪਰੀ ਇਲਾਕਿਆਂ ਵਿੱਚ ਲਗਾਤਾਰ ਮੀਂਹ ਪੈਣ ਕਾਰਨ ਦਾਰਜੀਲਿੰਗ, ਕਲੀਮਪੋਂਗ, ਜਲਪਾਈਗੁੜੀ, ਅਲੀਪੁਰਦੁਆਰ ਅਤੇ ਕੂਚ ਬਿਹਾਰ ਜ਼ਿਲ੍ਹਿਆਂ ਵਿੱਚ ਵਿਆਪਕ ਹੜ੍ਹ ਆ ਗਿਆ ਹੈ।ਉਨ੍ਹਾਂ ਕਿਹਾ ਕਿ ਡੂਅਰਸ ਦਾ ਨਗਰਾਕਾਟਾ ਖੇਤਰ ਅਤੇ ਦਾਰਜੀਲਿੰਗ ਦਾ ਮਿਰਿਕ ਖੇਤਰ ਜ਼ਮੀਨ ਖਿਸਕਣ ਅਤੇ ਰਿਹਾਇਸ਼ੀ ਘਰਾਂ ਦੇ ਰੁੜ੍ਹ ਜਾਣ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਮੁੱਖ ਮੰਤਰੀ ਨੇ ਦੋਸ਼ ਲਾਇਆ, "ਡੀਵੀਸੀ ਆਪਣੀ ਇੱਛਾ ਅਨੁਸਾਰ ਪਾਣੀ ਛੱਡ ਰਿਹਾ ਹੈ। ਮੈਥਨ ਅਤੇ ਪੰਚੇਤ ਜਲ ਭੰਡਾਰਾਂ ਦੀ ਸਫ਼ਾਈ ਨਾ ਹੋਣ ਕਾਰਨ ਇਸ ਦੀ ਪਾਣੀ ਸੰਭਾਲਣ ਦੀ ਸਮਰੱਥਾ ਕਾਫ਼ੀ ਘੱਟ ਗਈ ਹੈ। ਡੀਵੀਸੀ ਝਾਰਖੰਡ ਨੂੰ ਹੜ੍ਹਾਂ ਤੋਂ ਬਚਾਉਣ ਲਈ ਅਜਿਹਾ ਕਰ ਰਿਹਾ ਹੈ, ਅਤੇ ਇਸ ਦਾ ਨੁਕਸਾਨ ਬੰਗਾਲ ਨੂੰ ਝੱਲਣਾ ਪੈ ਰਿਹਾ ਹੈ।" ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਉੱਤਰੀ ਬੰਗਾਲ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਫਸੇ ਸੈਲਾਨੀਆਂ ਨੂੰ ਵਾਪਸ ਲਿਆਉਣ ਲਈ 45 ਬੱਸਾਂ ਦਾ ਪ੍ਰਬੰਧ ਕੀਤਾ ਹੈ। ਬੈਨਰਜੀ ਨੇ ਇਹ ਵੀ ਦੋਸ਼ ਲਗਾਇਆ ਕਿ ਕੇਂਦਰ ਨੇ ਹੜ੍ਹ ਰਾਹਤ ਉਪਾਵਾਂ ਲਈ ਫੰਡ ਮੁਹੱਈਆ ਨਹੀਂ ਕਰਵਾਏ ਹਨ, ਅਤੇ ਰਾਜ ਸਰਕਾਰ 'ਕਿਸੇ ਤਰ੍ਹਾਂ' ਆਪਣੇ ਆਪ ਹਾਲਾਤ ਨਾਲ ਸਿੱਝਣ ਲਈ ਪ੍ਰਬੰਧ ਕਰ ਰਹੀ ਹੈ।

# ਉੱਤਰ ਪ੍ਰਦੇਸ਼ ਦੇ ਰਾਏਬਰੇਲੀ ਵਿੱਚ ਦਲਿਤ ਵਿਅਕਤੀ ਦਾ ਹਜੂਮੀ ਕਤਲ

ਰਾਏਬਰੇਲੀ, 6 ਅਕਤੂਬਰ (ਪ੍ਰਤੀਨਿਧੀ) : ਉੱਤਰ ਪ੍ਰਦੇਸ਼ ਦੇ ਰਾਏਬਰੇਲੀ ਵਿਚਲੇ ਇੱਕ ਪਿੰਡ ਦੇ ਵਸਨੀਕਾਂ ਨੇ ਇੱਕ ਦਲਿਤ ਵਿਅਕਤੀ ਨੂੰ ਚੋਰ ਸਮਝ ਕੇ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ। ਪੁਲਿਸ ਨੇ ਸੋਮਵਾਰ ਨੂੰ ਦੱਸਿਆ ਕਿ ਇੱਕ 40 ਸਾਲਾ ਦਲਿਤ ਵਿਅਕਤੀ ਨੂੰ ਕਥਿਤ ਤੌਰ 'ਤੇ ਪਿੰਡ ਵਾਸੀਆਂ ਨੇ ਰਾਤ ਦੇ ਪਹਿਰੇ ਦੌਰਾਨ ਚੋਰ ਸਮਝ ਕੇ ਕੁੱਟ-ਕੁੱਟ ਕੇ ਮਾਰ ਦਿੱਤਾ। ਇਹ ਘਟਨਾ ਉਨ੍ਹਾਂ ਅਫਵਾਹਾਂ ਦਰਮਿਆਨ ਵਾਪਰੀ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਇੱਕ ਗਰੋਹ ਡਕੈਤੀਆਂ ਲਈ ਘਰਾਂ ਦੀ ਨਿਸ਼ਾਨਦੇਹੀ ਕਰਨ ਵਾਸਤੇ ਡਰੋਨ ਦੀ ਵਰਤੋਂ ਕਰ ਰਿਹਾ ਹੈ।

ਪੁਲਿਸ ਨੇ ਦੱਸਿਆ ਕਿ ਇਸ ਮਾਮਲੇ 'ਚ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਕਥਿਤ ਲਾਪ੍ਰਵਾਹੀ ਵਰਤਣ ਦੇ ਦੋਸ਼ ਹੇਠ ਤਿੰਨ ਪੁਲਿਸ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦਾ ਸਬੰਧ ਦਲਿਤਾਂ ਅਤੇ ਪੱਛੜੀਆਂ ਜਾਤੀਆਂ ਸਮੇਤ ਵੱਖ ਵੱਖ ਸਮਾਜਿਕ ਪਿਛੋਕੜਾਂ ਨਾਲ ਹੈ। ਮ੍ਰਿਤਕ ਦੀ ਪਛਾਣ ਫਤਹਿਪੁਰ ਜ਼ਿਲ੍ਹੇ ਦੇ ਵਸਨੀਕ ਹਰੀਓਮ ਵਜੋਂ ਹੋਈ ਹੈ। ਪੁਲਿਸ ਅਨੁਸਾਰ ਊਂਚਾਹਾਰ ਥਾਣਾ ਖੇਤਰ ਦੇ ਇਕ ਪਿੰਡ ਦੇ ਲੋਕ ਰਾਤ ਨੂੰ ਪਹਿਰੇਦਾਰੀ ਕਰ ਰਹੇ ਹਨ। ਕੁਝ ਪਿੰਡ ਵਾਸੀਆਂ ਨੇ ਇੱਕ ਵਿਅਕਤੀ ਨੂੰ ਜਮੁਨਾਪੁਰ ਚੌਰਾਹੇ ਨੇੜੇ ਘੁੰਮਦਿਆਂ ਦੇਖਿਆ ਤਾਂ ਉਨ੍ਹਾਂ ਨੂੰ ਸ਼ੱਕ ਹੋਇਆ ਅਤੇ ਉਨ੍ਹਾਂ ਨੇ ਉਸ ਤੋਂ ਪੁੱਛ ਪੜਤਾਲ ਸ਼ੁਰੂ ਕਰ ਦਿੱਤੀ। ਜਦੋਂ ਪੀੜਤ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਨਾ ਦੇ ਸਕਿਆ ਤਾਂ ਪਿੰਡ ਵਾਸੀਆਂ ਨੇ ਕਥਿਤ ਤੌਰ 'ਤੇ ਉਸ ਨੂੰ ਚੋਰ ਸਮਝ ਕੇ ਬੇਰਹਿਮੀ ਨਾਲ ਕੁੱਟਿਆ। ਚਸ਼ਮਦੀਦਾਂ ਨੇ ਪੁਲਿਸ ਨੂੰ ਦੱਸਿਆ ਕਿ ਭੀੜ ਪੀੜਤ ਨੂੰ ਈਸ਼ਵਰਦਾਸਪੁਰ ਰੇਲਵੇ ਸਟੇਸ਼ਨ ਲੈ ਗਈ ਅਤੇ ਉਸ ਨੂੰ ਉੱਥੇ ਗੰਭੀਰ ਜ਼ਖ਼ਮੀ ਹਾਲਤ ਵਿੱਚ ਛੱਡ ਗਈ। ਪੁਲਿਸ ਅਨੁਸਾਰ ਵੀਰਵਾਰ ਸਵੇਰੇ ਪਿੰਡ ਵਾਸੀਆਂ ਨੂੰ ਉਸ ਦੀ ਲਾਸ਼ ਰੇਲਵੇ ਟਰੈਕ ਨੇੜੇ ਪਈ

# ਪਟਾਕਿਆਂ ਦੀ ਵਿਕਰੀ 'ਤੇ ਸਖ਼ਤ ਹੋਇਆ ਪ੍ਰਸ਼ਾਸਨ; ਆਨਲਾਈਨ ਆਰਡਰ ਸਵੀਕਾਰ ਕਰਨ 'ਤੇ ਮਨਾਹੀ

## ਵਿਕਰੀ ਅਤੇ ਵਰਤੋਂ ਸਿਰਫ਼ ਲਾਇਸੰਸਸ਼ੁਦਾ ਗ੍ਰੀਨ ਪਟਾਕਿਆਂ ਤੱਕ ਸੀਮਤ

ਮੁਹਾਲੀ, 6 ਅਕਤੂਬਰ (ਪ੍ਰਤੀਨਿਧੀ) : ਮੁਹਾਲੀ ਪ੍ਰਸ਼ਾਸਨ ਨੇ ਬੀ ਐੱਨ ਐੱਸ ਐੱਸ ਦੀ ਧਾਰਾ 163 ਦੇ ਤਹਿਤ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਹੁਕਮਾਂ ਵਿੱਚ ਦੀਵਾਲੀ, ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ, ਕ੍ਰਿਸਮਸ ਅਤੇ ਨਵੇਂ ਸਾਲ ਦੇ ਜਸ਼ਨਾਂ ਸਮੇਤ ਆਉਣ ਵਾਲੇ ਤਿਉਹਾਰਾਂ ਦੌਰਾਨ ਮੁਹਾਲੀ ਜ਼ਿਲ੍ਹੇ ਵਿੱਚ ਆਤਿਸ਼ਬਾਜ਼ੀ ਦੀ ਵਰਤੋਂ, ਵਿਕਰੀ ਅਤੇ ਭੰਡਾਰਨ 'ਤੇ ਪਾਬੰਦੀ ਲਗਾਈ ਗਈ ਹੈ।

ਮੁਹਾਲੀ ਜ਼ਿਲ੍ਹੇ ਵਿੱਚ ਪਟਾਕੇ ਚਲਾਉਣ ਦਾ ਮਨਜ਼ੂਰਸ਼ੁਦਾ ਸਮਾਂ ਦੀਵਾਲੀ ਵਾਲੇ ਦਿਨ ਰਾਤ 8 ਵਜੇ ਤੋਂ 10 ਵਜੇ ਤੱਕ ਹੋਵੇਗਾ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ (5 ਨਵੰਬਰ) 'ਤੇ ਸਵੇਰੇ 4 ਵਜੇ ਤੋਂ 5 ਵਜੇ ਤੱਕ ਅਤੇ ਰਾਤ 9 ਵਜੇ ਤੋਂ 10 ਵਜੇ ਤੱਕ। ਕ੍ਰਿਸਮਸ



(25 ਅਤੇ 26 ਦਸੰਬਰ) ਵੇਲੇ ਰਾਤ 11.55 ਵਜੇ ਤੋਂ ਸਵੇਰੇ 12.30 ਵਜੇ ਤੱਕ। ਇਸੇ ਤਰ੍ਹਾਂ ਨਵੇਂ ਸਾਲ ਦੀ ਸ਼ਾਮ (31 ਦਸੰਬਰ 2025 - 1 ਜਨਵਰੀ 2026) ਮੌਕੇ ਰਾਤ 11.55 ਵਜੇ ਤੋਂ ਸਵੇਰੇ 12.30 ਵਜੇ ਤੱਕ ਹੋਵੇਗਾ।

ਇਹ ਹੁਕਮ ਪੰਜਾਬ ਸਰਕਾਰ ਦੇ ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ (ਐਸ.ਟੀ.ਈ. ਬ੍ਰਾਂਚ) ਦੇ 18 ਸਤੰਬਰ ਦੇ ਨਿਰਦੇਸ਼ਾਂ ਦੀ ਪਾਲਣਾ ਵਿੱਚ ਜਾਰੀ ਕੀਤੇ ਗਏ ਹਨ।

ਜ਼ਿਲ੍ਹਾ ਮੈਜਿਸਟ੍ਰੇਟ ਕੋਮਲ ਮਿੱਤਲ ਨੇ ਕਿਹਾ, ਲੜੀ/ਚੇਨ ਪਟਾਕਿਆਂ (ਲੜੀਆਂ) ਦੇ ਨਿਰਮਾਣ, ਭੰਡਾਰਨ, ਵੰਡ, ਵਿਕਰੀ ਅਤੇ ਵਰਤੋਂ 'ਤੇ ਪੂਰੇ ਸੂਬੇ ਵਿੱਚ ਸਖ਼ਤ ਮਨਾਹੀ ਹੈ। ਵਿਕਰੀ ਅਤੇ ਵਰਤੋਂ ਲਈ ਸਿਰਫ਼ ਗ੍ਰੀਨ ਪਟਾਕੇ (Green Crackers) ਜਿਨ੍ਹਾਂ ਵਿੱਚ ਬੇਰੀਅਮ ਲੂਣ, ਐਂਟੀਮਨੀ, ਲਿਥੀਅਮ, ਪਾਰਾ, ਆਰਸੈਨਿਕ, ਸਿੱਕਾ ਜਾਂ ਸਟ੍ਰੋਂਟੀਅਮ ਕ੍ਰੋਮੇਟ ਨਹੀਂ ਹੁੰਦੇ, ਦੀ ਇਜਾਜ਼ਤ ਦਿੱਤੀ ਜਾਵੇਗੀ। ਸਿਰਫ਼ ਲਾਇਸੰਸਸ਼ੁਦਾ ਵਪਾਰੀ ਹੀ ਮਨਜ਼ੂਰਸ਼ੁਦਾ ਹਰੇ ਪਟਾਕੇ ਵੇਚਣ ਲਈ ਅਧਿਕਾਰਤ ਹਨ।"

ਉਧਰ ਫਲਿੱਪਕਾਰਟ, ਐਮਾਜ਼ਾਨ, ਆਦਿ ਸਮੇਤ ਈ-ਕਾਮਰਸ ਵੈੱਬਸਾਈਟਾਂ ਨੂੰ ਮੁਹਾਲੀ ਦੇ ਅਧਿਕਾਰ ਖੇਤਰ ਦੇ ਅੰਦਰ ਪਟਾਕਿਆਂ ਦੀ ਵਿਕਰੀ ਲਈ ਆਨਲਾਈਨ ਆਰਡਰ ਸਵੀਕਾਰ ਕਰਨ ਜਾਂ ਪੂਰਾ ਕਰਨ ਦੀ ਮਨਾਹੀ ਹੈ।

ਪੁਲਿਸ ਵਿਭਾਗ ਅਤੇ ਪ੍ਰਦੂਸ਼ਣ ਕੰਟਰੋਲ ਵਿਭਾਗ ਇਹਨਾਂ ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣਗੇ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਦੇ ਚੋਣਵੇਂ ਕਸਬਿਆਂ ਵਿੱਚ ਥੋੜ੍ਹੇ ਸਮੇਂ ਲਈ ਹਵਾ ਗੁਣਵੱਤਾ ਦੀ ਨਿਗਰਾਨੀ ਕਰੇਗਾ।

ਇਹ ਸਾਰੀਆਂ ਕਾਰਵਾਈਆਂ ਭਾਰਤ ਦੀ ਸੁਪਰੀਮ ਕੋਰਟ ਅਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਦੇ ਨਿਰਦੇਸ਼ਾਂ ਦੀ ਪਾਲਣਾ ਵਿੱਚ ਹੋਣਗੀਆਂ।

ਮਨਾਹੀ ਦੇ ਹੁਕਮਾਂ ਵਿੱਚ ਅੱਗੇ ਲਿਖਿਆ ਗਿਆ ਹੈ ਕਿ ਇਨ੍ਹਾਂ ਨਿਰਦੇਸ਼ਾਂ ਦੀ ਕਿਸੇ ਵੀ ਉਲੰਘਣਾ 'ਤੇ ਵਾਤਾਵਰਣ (ਸੁਰੱਖਿਆ) ਐਕਟ, 1986 ਦੀ ਧਾਰਾ 15 ਦੇ ਤਹਿਤ ਤੁਰੰਤ ਦੰਡਕਾਰੀ ਕਾਰਵਾਈ ਕੀਤੀ ਜਾਵੇਗੀ, ਇਸ ਤੋਂ ਇਲਾਵਾ ਬੀ ਐੱਨ ਐੱਸ ਐੱਸ ਦੇ ਸੰਬੰਧਿਤ ਉਪਬੰਧਾਂ ਅਤੇ ਹੋਰ ਲਾਗੂ ਕਾਨੂੰਨਾਂ ਤਹਿਤ ਕਾਰਵਾਈ ਕੀਤੀ ਜਾਵੇਗੀ। ਇਹ ਹੁਕਮ 1 ਅਕਤੂਬਰ 2025 ਤੋਂ 2 ਜਨਵਰੀ 2026 ਤੱਕ ਲਾਗੂ ਰਹਿਣਗੇ।

# ਗੁਜਰਾਤ: ਵੇਰਾਵਲ ਵਿੱਚ ਡਿੱਗੀ ਪੁਰਾਣੀ ਰਿਹਾਇਸ਼ੀ ਇਮਾਰਤ; 3 ਲੋਕਾਂ ਦੀ ਮੌਤ

## 80 ਸਾਲ ਪੁਰਾਣੀ ਤਿੰਨ ਮੰਜ਼ਿਲਾ ਇਮਾਰਤ ਢਹਿ-ਢੇਰੀ



ਗਿਰ ਸੋਮਨਾਥ (ਗੁਜਰਾਤ), 6 ਅਕਤੂਬਰ (ਪ੍ਰਤੀਨਿਧੀ): ਗੁਜਰਾਤ ਦੇ ਗਿਰ ਸੋਮਨਾਥ ਜ਼ਿਲ੍ਹੇ ਦੇ ਵੇਰਾਵਲ ਸ਼ਹਿਰ ਵਿੱਚ ਅੱਜ ਸਵੇਰੇ ਇੱਕ ਪੁਰਾਣੀ ਤਿੰਨ ਮੰਜ਼ਿਲਾ ਖੰਡਰ ਇਮਾਰਤ ਦੇ ਇੱਕ ਹਿੱਸੇ ਦੇ ਢਹਿ ਜਾਣ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ , ਜਦੋਂਕਿ ਦੋ ਲੋਕਾਂ ਨੂੰ ਬਚਾਇਆ ਗਿਆ।

ਸਥਾਨਕ ਲੋਕਾਂ ਅਨੁਸਾਰ ਇਹ ਇਮਾਰਤ ਲਗਭਗ 80 ਸਾਲ ਪੁਰਾਣੀ ਸੀ।ਇੰਸਪੈਕਟਰ ਐਚਆਰ ਗੋਸਵਾਮੀ ਨੇ ਦੱਸਿਆ ਕਿ ਇਹ ਘਟਨਾ ਵੇਰਾਵਲ ਦੇ ਖਰਵਾਵੜ ਇਲਾਕੇ ਵਿੱਚ ਸਥਿਤ ਰਿਹਾਇਸ਼ੀ ਇਮਾਰਤ ਵਿੱਚ ਸਵੇਰੇ 1.30 ਵਜੇ ਦੇ ਕਰੀਬ ਵਾਪਰੀ।

ਗੋਸਵਾਮੀ ਨੇ ਕਿਹਾ ਕਿ ਮਰਨ ਵਾਲਿਆਂ ਵਿੱਚ ਇੱਕ ਮੋਟਰਸਾਈਕਲ ਸਵਾਰ ਵੀ ਸੀ ਜੋ ਇਲਾਕੇ ਵਿੱਚੋਂ ਲੰਘ ਰਿਹਾ ਸੀ। ਉਹ ਮਲਬੇ ਹੇਠ ਦੱਬ ਗਿਆ ਅਤੇ ਮੌਕੇ 'ਤੇ ਹੀ ਉਸਦੀ ਮੌਤ ਹੋ ਗਈ।

ਉਨ੍ਹਾਂ ਕਿਹਾ ਕਿ ਬਾਕੀ ਦੋ ਮ੍ਰਿਤਕਾਂ ਵਿੱਚ ਇੱਕ ਔਰਤ ਅਤੇ ਉਸਦੀ ਧੀ ਸ਼ਾਮਲ ਹੈ ਜੋ ਇਮਾਰਤ ਵਿੱਚ ਰਹਿੰਦੀ ਸੀ।ਅਧਿਕਾਰੀ ਨੇ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਪੁਲਿਸ, ਸਿਵਲ ਕਰਮਚਾਰੀਆਂ ਅਤੇ ਸਥਾਨਕ ਲੋਕਾਂ ਦੀਆਂ ਟੀਮਾਂ ਨੇ ਬਚਾਅ ਕਾਰਜ ਸ਼ੁਰੂ ਕੀਤਾ, ਜੋ ਸਵੇਰੇ 5 ਵਜੇ ਤੱਕ ਜਾਰੀ ਰਿਹਾ। ਮਲਬੇ ਵਿੱਚੋਂ ਤਿੰਨ ਲਾਸ਼ਾਂ ਕੱਢੀਆਂ ਗਈਆਂ, ਜਦੋਂ ਕਿ ਦੋ ਵਿਅਕਤੀਆਂ ਨੂੰ ਬਚਾਇਆ ਗਿ।

ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੀ ਪਛਾਣ ਦਿਨੇਸ਼ ਜੰਗੀ (34), ਦੇਵਕੀਬੇਨ ਸੁਯਾਨੀ (65) ਅਤੇ ਉਨ੍ਹਾਂ ਦੀ ਧੀ ਜਸ਼ੋਦਾ (35) ਵਜੋਂ ਹੋਈ ਹੈ। ਪੁਲਿਸ ਅਨੁਸਾਰ, ਸੁਯਾਨੀ ਦੇ ਪਤੀ ਅਤੇ ਇੱਕ ਹੋਰ ਔਰਤ ਨੂੰ ਬਚਾਇਆ ਗਿਆ ਅਤੇ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

# ਲੱਦਾਖ 'ਚ ਸ਼ਹੀਦ ਹੋਏ ਲਾਲੜੂ ਪਿੰਡ ਦੇ ਜਵਾਨ ਦਾ ਸਰਕਾਰੀ ਸਨਮਾਮਨ ਨਾਲ ਸਸਕਾਰ

## ਮੀਂਹ: ਆਮ ਲੋਕਾਂ ਲਈ ਰਾਹਤ, ਕਿਸਾਨਾਂ ਲਈ ਆਫ਼ਤ



ਲਾਲੜੂ, 6 ਅਕਤੂਬਰ (ਪ੍ਰਤੀਨਿਧੀ) : ਭਾਰਤੀ ਫੌਜ ਦੀ ਬੰਬੇ ਇੰਜਨੀਅਰ ਰੈਜੀਮੈਂਟ ਵਿੱਚ ਲੇਹ ਲੱਦਾਖ ਵਿੱਚ ਤੈਨਾਤ ਗਗਨਦੀਪ ਸਿੰਘ ਖਰਾਬ ਮੌਸਮ ਦੌਰਾਨ ਤਬਿਅਤ ਵਿਗੜਨ ਕਾਰਨ ਸ਼ਹੀਦ ਹੋ ਗਿਆ।

ਲਾਲੜੂ ਪਿੰਡ ਦੇ ਜੰਮਪਲ 25 ਸਾਲਾ ਲਾਸ ਨਾਇਕ ਗਗਨਦੀਪ ਸਿੰਘ ਬੀਤੀ ਚਾਰ ਅਕਤੂਬਰ ਸਹੀਦ ਹੋ ਗਿਆ ਸੀ ਅਤੇ ਉਸ ਦਾ ਸਸਕਾਰ ਅੱਜ ਸਰਕਾਰੀ ਸਨਮਾਨਾਂ ਨਾਲ ਲਾਲੜੂ ਪਿੰਡ ਦੇ ਸ਼ਮਸ਼ਾਨ ਘਾਟ ਵਿੱਚ ਕੀਤਾ ਗਿਆ।

ਇਸ ਮੌਕੇ ਜਿੱਥੇ ਸ਼ਹੀਦ ਦੇ ਪਿਤਾ ਨਸੀਬ ਸਿੰਘ , ਮਾਤਾ ਅਤੇ ਭੈਣ ਸਮੇਤ ਰਿਸ਼ਤੇਦਾਰਾਂ ਤੇ ਪੂਰੇ ਪਿੰਡ ਅਤੇ ਇਲਾਕੇ ਨੇ ਆਪਣੇ ਸ਼ਹੀਦ ਨੂੰ ਨਮ ਅੱਖਾਂ ਨਾਲ ਵਿਦਾਈ ਕੀਤੀ , ਉਥੇ ਹੀ ਭਾਰਤੀ ਫੌਜ ਦੇ ਜਵਾਨਾਂ ਨੇ ਹਵਾਈ ਫਾਇਰ ਕਰਕੇ ਉਸ ਨੂੰ ਸਨਮਾਨ ਸਹਿਤ ਸਲਾਮੀ ਦਿੱਤੀ।

ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਨੇ ਸ਼ਹੀਦ ਨੂੰ ਫੁੱਲ ਮਾਲਾਵਾਂ ਭੇਟ ਕੀਤੀਆਂ ਅਤੇ ਕਿਹਾ ਕਿ ਅੱਜ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਸਰਕਾਰ ਦਾ ਕੋਈ ਨੁਮਾਇੰਦਾ ਜਾਂ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਸ਼ਹੀਦ ਨੂੰ ਸ਼ਰਧਾਂਜਲੀ ਦੇਣ ਲਈ ਨਹੀਂ ਪੁੱਜਾ। ਉਨ੍ਹਾਂ ਕਿਹਾ ਕਿ ਜੋ ਸਰਕਾਰ ਆਪਣੇ ਸ਼ਹੀਦਾਂ ਦੀ ਸ਼ਹਾਦਤ ਨੂੰ ਭੁੱਲ ਜਾਵੇ, ਉਸ ਨੂੰ ਲੋਕਾਂ ਤੇ ਰਾਜ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਤੋਂ ਲੈ ਕੇ ਹੇਠਲੇ ਪੱਧਰ ਦਾ ਕੋਈ ਵੀ ਅਧਿਕਾਰੀ ਮੌਕੇ ਤੇ ਨਹੀਂ ਪੁੱਜਿਆ ਸੀ।

ਸ਼ਹੀਦ ਗਗਨਦੀਪ ਸਿੰਘ ਦੇ ਪਿਤਾ ਨਸੀਬ ਸਿੰਘ ਨੇ ਉਸ ਦੀ ਚਿਤਾ ਨੂੰ ਅੱਗ ਵਿਖਾਈ, ਉਸ ਤੋਂ ਪਹਿਲਾਂ ਭਾਰਤੀ ਫੌਜ ਦੇ ਅਧਿਕਾਰੀਆਂ ਨੇ ਪਰਿਵਾਰ ਨੂੰ ਸ਼ਹੀਦ ਦੀ ਦੇਹ ਤੇ ਲਪੇਟਿਆ ਤਿਰੰਗਾ ਸਨਮਾਨਪੂਰਵਕ ਭੇਟ ਕੀਤਾ।

# ਏਅਰ ਇੰਡੀਆ ਐਕਸਪ੍ਰੈਸ ਵੱਲੋਂ ਸੱਤ ਨਵੇਂ ਰੂਟਾਂ ਲਈ ਉਡਾਣਾਂ ਦੀ ਜਲਦ ਸ਼ੁਰੂਆਤ




ਨਵੀਂ ਦਿੱਲੀ , 6 ਅਕਤੂਬਰ (ਪ੍ਰਤੀਨਿਧੀ) : ਯਾਤਰੀਆਂ ਨੂੰ ਵਧੇਰੇ ਵਿਕਲਪ ਪੇਸ਼ ਕਰਦਿਆਂ ਏਅਰ ਇੰਡੀਆ ਐਕਸਪ੍ਰੈਸ ਨੇ ਅਕਤੂਬਰ ਦੇ ਅਖੀਰ ਤੋਂ ਦਿੱਲੀ ਅਤੇ ਅੰਮ੍ਰਿਤਸਰ ਸਮੇਤ ਸੱਤ ਨਵੇਂ ਰੂਟਾਂ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇੱਕ ਏਅਰਲਾਈਨ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਸਾਂਝੀ ਕੀਤੀ।

ਨਵੀਆਂ ਸੇਵਾਵਾਂ ਰਾਜਧਾਨੀ ਨੂੰ 26 ਅਕਤੂਬਰ ਤੋਂ ਗੋਆ (ਡਾਬੋਲਿਮ), ਇੰਫਾਲ, ਲਖਨਊ ਅਤੇ ਸ਼੍ਰੀ ਵਿਜੇ ਪੁਰਮ (ਪੋਰਟ ਬਲੇਅਰ) ਨਾਲ ਜੋੜਨਗੀਆਂ, ਜਿਸ ਤੋਂ ਬਾਅਦ 28 ਅਕਤੂਬਰ ਤੋਂ ਅੰਮ੍ਰਿਤਸਰ ਅਤੇ 1 ਨਵੰਬਰ ਤੋਂ ਜੋਧਪੁਰ ਅਤੇ ਉਦੈਪੁਰ ਨਾਲ ਜੋੜਿਆ ਜਾਵੇਗਾ।

ਏਅਰਲਾਈਨ ਨੇ ਕਿਹਾ ਕਿ ਇਹ ਨਵੇਂ ਰੂਟ ਦੇਸ਼ ਭਰ ਦੇ ਸੱਭਿਆਚਾਰਕ ਅਤੇ ਆਰਥਿਕ ਤੌਰ 'ਤੇ ਮਹੱਤਵਪੂਰਨ ਸ਼ਹਿਰਾਂ ਅਤੇ ਦਿੱਲੀ ਵਿਚਕਾਰ ਸੰਪਰਕ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣਗੇ।

26 ਅਕਤੂਬਰ ਤੋਂ ਪ੍ਰਭਾਵੀ ਨਵੇਂ ਸਮਾਂ-ਸੂਚੀ ਤਹਿਤ ਏਅਰ ਇੰਡੀਆ ਐਕਸਪ੍ਰੈਸ ਦਿੱਲੀ ਅਤੇ ਗੋਆ ਵਿਚਕਾਰ ਤਿੰਨ ਰੋਜ਼ਾਨਾ ਉਡਾਣਾਂ, ਇੰਫਾਲ ਅਤੇ ਪੋਰਟ ਬਲੇਅਰ ਲਈ ਰੋਜ਼ਾਨਾ ਉਡਾਣਾਂ ਅਤੇ ਲਖਨਊ ਅਤੇ ਸ਼੍ਰੀ ਵਿਜੇ ਪੁਰਮ ਲਈ ਵਾਧੂ ਸੇਵਾਵਾਂ ਦਾ ਸੰਚਾਲਨ ਕਰੇਗੀ। ਦਿੱਲੀ-ਅੰਮ੍ਰਿਤਸਰ ਰੂਟ 28 ਅਕਤੂਬਰ ਨੂੰ ਹਫ਼ਤੇ ਵਿੱਚ ਤਿੰਨ ਵਾਰ ਦੀਆਂ ਸੇਵਾਵਾਂ ਨਾਲ ਸ਼ੁਰੂ ਹੋਵੇਗਾ, ਜਦੋਂ ਕਿ ਜੋਧਪੁਰ ਅਤੇ ਉਦੈਪੁਰ ਲਈ ਰੋਜ਼ਾਨਾ ਉਡਾਣਾਂ 1 ਨਵੰਬਰ ਤੋਂ ਸ਼ੁਰੂ ਹੋਣਗੀਆਂ।ਏਅਰਲਾਈਨ ਨੇ ਕਿਹਾ ਕਿ ਨਵੇਂ ਰੂਟ ਮੁੱਖ ਮਹਾਨਗਰੀ ਕੇਂਦਰਾਂ ਨੂੰ ਇਤਿਹਾਸਕ ਅਤੇ ਸੈਰ-ਸਪਾਟਾ ਨਾਲ ਭਰਪੂਰ ਸਥਾਨਾਂ ਨਾਲ ਜੋੜ ਕੇ, ਵਧੇਰੇ ਸਮਾਵੇਸ਼ੀ ਅਤੇ ਪਹੁੰਚਯੋਗ ਯਾਤਰਾ ਨੈੱਟਵਰਕ ਬਣਾਉਣ ਯਤਨ ਦਾ ਹਿੱਸਾ ਹਨ।

# ਖੰਘ ਦੀ ਦਵਾਈ ਕਾਰਨ ਬੱਚਿਆਂ ਦੀ ਮੌਤ ਦੇ ਮਾਮਲੇ 'ਚ ਤਿੰਨ ਅਧਿਕਾਰੀ ਮੁਅੱਤਲ

ਭੋਪਾਲ, 6 ਅਕਤੂਬਰ (ਪ੍ਰਤੀਨਿਧੀ): ਮੱਧ ਪ੍ਰਦੇਸ਼ ਸਰਕਾਰ ਨੇ ਛਿੰਦਵਾੜਾ 'ਚ ਸ਼ੱਕੀ ਤੌਰ 'ਤੇ ਕਿਡਨੀਆਂ ਖਰਾਬ ਹੋਣ ਕਾਰਨ 14 ਬੱਚਿਆਂ ਦੀ ਮੌਤ ਦੇ ਮਾਮਲੇ 'ਚ ਸੋਮਵਾਰ ਨੂੰ ਦੋ ਡਰੱਗ ਇੰਸਪੈਕਟਰਾਂ, ਖੁਰਾਕ ਤੇ ਦਵਾਈ ਪ੍ਰਸ਼ਾਸਨ ਨੇ ਡਿਪਟੀ ਡਾਇਰੈਕਟਰ ਨੂੰ ਮੁਅੱਤਲ ਕਰ ਦਿੱਤਾ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਬੱਚਿਆਂ ਦੀ ਮੌਤ ਇੱਕ 'ਜ਼ਹਿਰੀਲੀ' ਖੰਘ ਦੀ ਦਵਾਈ ਪੀਣ ਕਾਰਨ ਹੋਈ ਸੀ। ਮੁੱਖ ਮੰਤਰੀ ਮੋਹਨ ਯਾਦਵ ਨੇ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਨ ਤੋਂ ਬਾਅਦ ਰਾਜ ਦੇ ਡਰੱਗ ਕੰਟਰੋਲਰ ਦਿਨੇਸ਼ ਮੌਰਿਆ ਦਾ ਵੀ ਤਬਾਦਲ ਕਰ ਦਿੱਤਾ। ਮੁਅੱਤਲ ਡਰੱਗ ਇੰਸਪੈਕਟਰਾਂ ਦੀ ਪਛਾਣ ਗੌਰਵ ਸ਼ਰਮਾ ਅਤੇ ਸ਼ਰਦ ਕੁਮਾਰ ਜੈਨ ਵਜੋਂ ਹੋਈ ਹੈ ਜੋ ਕ੍ਰਮਵਾਰ ਛਿੰਦਵਾੜਾ ਤੇ ਜਬਲਪੁਰ 'ਚ ਤਾਇਨਾਤ ਹਨ। ਇੱਕ ਅਧਿਕਾਰੀ ਨੇ ਦੱਸਿਆ ਕਿ ਮੁਅੱਤਲ ਡਿਪਟੀ ਡਾਇਰੈਕਟਰ ਦੀ ਪਛਾਣ ਸ਼ੋਭਿਤ ਕੋਸਟਾ ਵਜੋਂ ਹੋਈ ਹੈ। ਯਾਦਵ ਨੇ ਬਾਅਦ ਵਿੱਚ ਮ੍ਰਿਤਕ ਬੱਚਿਆਂ ਦੇ ਪਰਿਵਾਰਾਂ ਨਾਲ ਮੁਲਾਕਾਤ ਲਈ ਪਰਾਸੀਆ ਦਾ ਦੌਰਾ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਬੱਚਿਆਂ ਦੀਆਂ ਮੌਤਾਂ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ।

# ਪੱਛਮੀ ਬੰਗਾਲ: ਭੀੜ ਦੇ ਹਮਲੇ 'ਚ ਭਾਜਪਾ ਸੰਸਦ ਮੈਂਬਰ ਖਗੇਨ ਮੁਰਮੂ ਤੇ ਵਿਧਾਇਕ ਸ਼ੰਕਰ ਘੋਸ਼ ਜ਼ਖ਼ਮੀ



ਕੋਲਕਾਤਾ, 6 ਅਕਤੂਬਰ (ਪ੍ਰਤੀਨਿਧੀ) : ਪੱਛਮੀ ਬੰਗਾਲ ਤੋਂ ਭਾਜਪਾ ਦੇ ਸੰਸਦ ਮੈਂਬਰ ਖਗੇਨ ਮੁਰਮੂ ਤੇ ਵਿਧਾਇਕ ਸ਼ੰਕਰ ਘੋਸ਼ ਸੂਬੇ ਦੇ ਉੱਤਰੀ ਹਿੱਸੇ 'ਚ ਹੜ੍ਹ ਤੇ ਢਿੱਗਾਂ ਡਿੱਗਣ ਕਾਰਨ ਪ੍ਰਭਾਵਿਤ ਦੁਆਰ ਖੇਤਰ ਦੇ ਦੌਰੇ ਦੌਰਾਨ ਭੀੜ ਵੱਲੋਂ ਕੀਤੇ ਗਏ ਹਮਲੇ 'ਚ ਜ਼ਖ਼ਮੀ ਹੋ ਗਏ। ਇਸ ਘਟਨਾ ਤੋਂ ਬਾਅਦ ਨਵਾਂ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ।

ਜਲਪਾਈਗੁੜੀ ਜ਼ਿਲ੍ਹੇ ਦੇ ਨਾਗਰਾਕਾਟਾ ਇਲਾਕੇ 'ਚ ਵਾਪਰੀ ਘਟਨਾ ਤੋਂ ਬਾਅਦ ਭਾਜਪਾ ਨੇ ਹਾਕਮ ਧਿਰ ਟੀ ਐੱਮ ਸੀ 'ਤੇ ਖਿੱਤੇ 'ਚ ਫੈਲੀ ਬੇਚੈਨੀ ਨੂੰ ਦਬਾਉਣ ਲਈ ਹਮਲੇ ਦੀ ਸਾਜ਼ਿਸ਼ ਘੜਨ ਦਾ ਦੋਸ਼ ਲਾਇਆ ਤੇ ਇਸ ਘਟਨਾ ਨੂੰ 'ਟੀ ਐੱਮ ਸੀ ਦੇ ਜੰਗਲ ਰਾਜ' ਦੀ ਇੱਕ ਹੋਰ ਮਿਸਾਲ ਦੱਸਿਆ। ਦੂਜੇ ਪਾਸੇ ਹਾਕਮ ਧਿਰ ਨੇ ਕਿਹਾ ਕਿ ਮੁਸ਼ਕਿਲ ਸਮੇਂ ਵਿੱਚ ਭਾਜਪਾ ਆਗੂਆਂ ਵੱਲੋਂ ਫੋਟੋਆਂ ਖਿਚਵਾਏ ਜਾਣ ਕਾਰਨ ਲੋਕਾਂ 'ਚ ਪੈਦਾ ਹੋਏ ਗੁੱਸੇ ਕਾਰਨ ਇਹ ਘਟਨਾ ਵਾਪਰੀ ਹੈ। ਮੁਰਮੂ ਤੇ ਘੋਸ਼ ਭਾਜਪਾ ਆਗੂਆਂ ਦੀ ਉਸ ਟੀਮ ਦਾ ਹਿੱਸਾ ਸਨ ਜੋ ਆਫ਼ਤ ਪ੍ਰਭਾਵਿਤ ਦੁਆਰ ਖੇਤਰ 'ਚ ਸਥਿਤੀ ਦਾ ਮੁਲਾਂਕਣ ਕਰਨ ਤੇ ਰਾਹਤ ਵੰਡਣ ਲਈ ਗਏ ਸਨ। ਟੈਲੀਵਿਜ਼ਨ 'ਤੇ ਪ੍ਰਸਾਰਿਤ ਵੀਡੀਓ 'ਚ ਦਿਖਾਈ ਦੇ ਰਿਹਾ ਹੈ ਕਿ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਤੋਂ ਪਹਿਲਾਂ ਹੀ ਭੀੜ ਨੇ ਭਾਜਪਾ ਆਗੂਆਂ ਨੂੰ ਘੇਰ ਲਿਆ ਤੇ 'ਦੀਦੀ ਦੀਦੀ' ਦੇ ਨਾਅਰੇ ਮਾਰਨ ਲੱਗੇ। ਇਸ ਮਗਰੋਂ ਨਾਗਰਾਕਾਟਾ ਸ਼ਹਿਰ ਤੋਂ ਤਕਰੀਬਨ 10 ਕਿਲੋਮੀਟਰ ਦੂਰ ਬਾਮਨਡਾਂਗਾ ਨੇੜੇ ਉਨ੍ਹਾਂ ਦੇ ਕਾਫਲੇ 'ਤੇ ਪਥਰਾਅ ਕੀਤਾ ਗਿਆ। ਪਥਰਾਅ ਵਿੱਚ ਵਾਹਨ ਦਾ ਸ਼ੀਸ਼ਾ ਟੁੱਟ ਗਿਆ ਤੇ ਮੁਰਮੂ ਦੇ ਸਿਰ ਤੋਂ ਖੂਨ ਵਹਿਣ ਲੱਗਾ।


## ਦੋ ਵੰਦੇ ਭਾਰਤ ਤਿਉਹਾਰ ਸਪੈਸ਼ਲ ਰੇਲਗੱਡੀ ਸੇਵਾਵਾਂ-2025

ਰੇਲਯਾਤਰੀਆਂ ਦੀ ਸੁਵਿਧਾ ਦੇ ਲਈ ਰੇਲਵੇ ਨੇ ਹੇਠਾ ਲਿਖੀ ਵੰਦੇ ਭਾਰਤ ਤਿਉਹਾਰ ਸਪੈਸ਼ਲ ਰੇਲਗੱਡੀਆਂ ਨੂੰ ਚਲਾਣ ਦਾ ਫੈਸਲਾ ਲਿਤਾ ਹੈ, ਜਿਨ੍ਹਾਂ ਦਾ ਪੂਰਾ ਵੇਰਵਾ ਹੇਠਾ ਅਨੁਸਾਰ ਹੈ:-

**02252/02251 ਨਵੀਂ ਦਿੱਲੀ - ਪਟਨਾ ਜੰ: - ਨਵੀਂ ਦਿੱਲੀ ਰਿਜ਼ਰਵ ਵੰਦੇ ਭਾਰਤ ਤਿਉਹਾਰ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 32 ਫੇਰੇ**

| ਰੇਲਗੱਡੀ ਨੰ: 02252 ਆਉਣਾ | ਰੇਲਗੱਡੀ ਨੰ: 02252 ਜਾਣਾ | ↓ ਸਟੇਸ਼ਨ ↑ | ਰੇਲਗੱਡੀ ਨੰ: 02251 ਆਉਣਾ | ਰੇਲਗੱਡੀ ਨੰ: 02251 ਜਾਣਾ |
|---|---|---|---|---|
| ---- | 08:35 | ਨਵੀਂ ਦਿੱਲੀ | 23:30 | ---- |
| 10:21 | 10:23 | ਅਲੀਗੜ੍ਹ ਜੰ: | 20:53 | 20:55 |
| 13:30 | 13:35 | ਕਾਨਪੁਰ ਸੈਂਟਰਲ | 17:50 | 17:55 |
| 15:45 | 15:50 | ਪ੍ਰਯਾਗਰਾਜ ਜੰ: | 15:35 | 15:40 |
| 18:00 | 18:10 | ਪੰ. ਦੀਨ ਦਯਾਲ ਉਪਾਦਯੇ ਜੰ: | 13:10 | 13:20 |
| 19:26 | 19:28 | ਬਕਸਰ | 11:25 | 11:27 |
| 20:10 | 20:12 | ਆਰਾ ਜੰ: | 10:38 | 10:40 |
| 21:30 | ---- | ਪਟਨਾ ਜੰ: | ---- | 10:00 |

ਚਲਨ ਦੇ ਦਿਨ : 02252 ਨਵੀਂ ਦਿੱਲੀ ਤੋਂ ਮਿਤੀ 11.10.2025 ਤੋਂ 15.11.2025 (ਹਰੇਕ ਸੋਮਵਾਰ, ਬੁੱਧਵਾਰ ਅਤੇ ਸ਼ਨੀਵਾਰ) ਤਕ ਅਤੇ 02251 ਪਟਨਾ ਜੰ: ਤੋਂ ਮਿਤੀ 12.10.2025 ਤੋਂ 16.11.2025 (ਹਰੇਕ ਮੰਗਲਵਾਰ, ਵੀਰਵਾਰ ਅਤੇ ਐਤਵਾਰ) ਤਕ ।
ਜਗ੍ਹਾਂ : ਵਾਤਾ. ਏਜਿਕਯੂਟਿਵ ਸ਼੍ਰੇਣੀ ਅਤੇ ਵਾਤਾ. ਕੁਰਸੀਯਾਨ ।

**02253/02254 ਪਟਨਾ ਜੰ: - ਨਵੀਂ ਦਿੱਲੀ - ਪਟਨਾ ਜੰ: ਰਿਜ਼ਰਵ ਵੰਦੇ ਭਾਰਤ ਤਿਉਹਾਰ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 33 ਫੇਰੇ**

| ਰੇਲਗੱਡੀ ਨੰ: 02253 ਆਉਣਾ | ਰੇਲਗੱਡੀ ਨੰ: 02253 ਜਾਣਾ | ↓ ਸਟੇਸ਼ਨ ↑ | ਰੇਲਗੱਡੀ ਨੰ: 02254 ਆਉਣਾ | ਰੇਲਗੱਡੀ ਨੰ: 02254 ਜਾਣਾ |
|---|---|---|---|---|
| ---- | 10:00 | ਪਟਨਾ ਜੰ: | 21:30 | ---- |
| 10:38 | 10:40 | ਆਰਾ ਜੰ: | 20:10 | 20:12 |
| 11:25 | 11:27 | ਬਕਸਰ | 19:26 | 19:28 |
| 13:10 | 13:20 | ਪੰ. ਦੀਨ ਦਯਾਲ ਉਪਾਦਯੇ ਜੰ: | 18:00 | 18:10 |
| 15:35 | 15:40 | ਪ੍ਰਯਾਗਰਰਾਜ ਜੰ: | 15:45 | 15:50 |
| 17:50 | 17:55 | ਕਾਨਪੁਰ ਸੈਂਟਰਲ | 13:30 | 13:35 |
| 20:53 | 20:55 | ਅਲੀਗੜ੍ਹ ਜੰ: | 10:21 | 10:23 |
| 23:30 | ---- | ਨਵੀਂ ਦਿੱਲੀ | ---- | 08:35 |

ਚਲਨ ਦੇ ਦਿਨ : 02253 ਪਟਨਾ ਜੰ: ਤੋਂ ਮਿਤੀ 11.10.2025 ਤੋਂ 17.11.2025 (ਹਰੇਕ ਸ਼ਨੀਵਾਰ, ਸੋਮਵਾਰ ਅਤੇ ਬੁੱਧਓਾਰ) ਤਕ ਅਤੇ 02254 ਨਵੀਂ ਦਿੱਲੀ ਤੋਂ ਮਿਤੀ 12.10.2025 ਤੋਂ 16.11.2025 (ਹਰੇਕ ਐਤਵਾਰ, ਮੰਗਲਵਾਰ ਅਤੇ ਵੀਰਵਾਰ) ਤਕ ।
ਜਗ੍ਹਾਂ : ਵਾਤਾ. ਏਜਿਕਯੂਟਿਵ ਸ਼੍ਰੇਣੀ ਅਤੇ ਵਾਤਾ. ਕੁਰਸੀਯਾਨ ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਸੂਚਨਾ ਅਤੇ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App ਦੇਖੋ ।

ਰੇਲਮਦਦ ਵੈੱਬਸਾਈਟ ਦੇਖੋ:- www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋ

ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ
3079/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਹਰਿਆਣਾ-ਜਪਾਨ ਸਾਂਝੇਦਾਰੀ ਨਾਲ ਵਿਕਾਸ ਨੂੰ ਨਵੀਂ ਉਡਾਨ

## ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਵਫ਼ਦ ਨੇ ਪਹਿਲੇ ਹੀ ਦਿਨ ਜਪਾਨ ਦੀ ਕੰਪਨੀਆਂ ਦੇ ਨਾਲ ਕੀਤੇ 6 ਐਮਓਯੂ



ਪੰਚਕੂਲਾ, 6 ਅਕਤੂਬਰ (ਪ੍ਰਤੀਨਿਧੀ): ਵਿਕਸਿਤ ਭਾਰਤ-ਵਿਕਸਿਤ ਹਰਿਆਣਾ ਵਿਜਨ ਦੇ ਤਹਿਤ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਜਪਾਨ ਦੌਰੇ 'ਤੇ ਗਏ ਵਫ਼ਦ ਨੇ ਪਹਿਲੇ ਹੀ ਦਿਨ ਜਪਾਨ ਦੀ ਵੱਡੀ ਕੰਪਨੀਆਂ ਨਾਲ 6 ਸਮਝੌਤੇ ਮੈਮੋ 'ਤੇ ਦਸਤਖਤ ਕੀਤੇ। ਇੰਨ੍ਹਾਂ ਐਮਓਯੂ ਰਾਹੀਂ ਕੰਪਨੀਆਂ ਵੱਲੋਂ ਹਰਿਆਣਾ ਵਿੱਚ ਲਗਭਗ 1185 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ ਅਤੇ ਲਗਭਗ 13000 ਤੋਂ ਵੱਧ ਨੌਜੁਆਨਾ ਲਈ ਰੁਜਗਾਰ ਸ੍ਰਿਜਨ ਦੇ ਰਸਤੇ ਖੁੱਲਣਗੇ। ਵਫ਼ਦ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਵਿਦੇਸ਼ ਸਹਿਯੋਗ ਵਿਭਾਗ ਦੀ ਕਮਿਸ਼ਨਰ ਅਤੇ ਸਕੱਤਰ ਸ੍ਰੀਮਤੀ ਅਮਨੀਤ ਪੀ ਕੁਮਾਰ, ਉਦਯੋਗ ਅਤੇ ਵਪਾਰ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਕੁਮਾਰ ਅਗਰਵਾਲ, ਐਚਐਸ ਆਈਆਈਡੀਸੀ ਦੇ ਪ੍ਰਬੰਧ ਨਿਦੇਸ਼ਕ ਡਾ. ਯੱਸ਼ ਗਰਗ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਹਨ।

ਹਰਿਆਣਾ ਵਿੱਚ ਜਪਾਨੀ ਨਿਵੇਸ਼ ਨੂੰ ਖਿੱਚਣ ਲਈ ਮੁੱਖ ਮੰਤਰੀ ਨੇ ਏਆਈਐਸਆਈਐਨ, ਏਅਰ ਵਾਟਰ, ਟੀਐਸਆਈ, ਨੰਬੂ, ਡੇਂਸੋ, ਸੋਜਿਤਸ, ਨਿਸਿਨ, ਕਾਵਾਕਿੰਨ ਅਤੇ ਟੋਪਨ ਸਮੇਤ ਪ੍ਰਮੁੱਖ ਜਪਾਨੀ ਕੰਪਨੀਆਂ ਦੇ ਨਾਲ ਮੀਟਿੰਗਾਂ ਕੀਤੀਆਂ। ਇੰਨ੍ਹਾਂ ਮੀਟਿੰਗਾਂ ਦੇ ਨਤੀਜੇ ਵਜੋ 1185 ਕਰੋੜ ਰੁਪਏ ਦੇ 6 ਐਮਓਯੂ 'ਤੇ ਦਸਤਖਤ ਹੋਏ, ਜਿਸ ਨਾਲ ਹਰਿਆਣਾ ਵਿੱਚ ਲਗਭਗ 13000 ਲੋਕਾਂ ਲਈ ਰੁਜ਼ਗਾਰ ਦੇ ਮੌਕੇ ਖੁੱਲਣਗੇ।

ਮੁੱਖ ਮੰਤਰੀ ਨੇ ਕੰਪਨੀਆਂ ਦੇ ਨਾਲ ਮੀਟਿੰਗਾਂ ਕਰ ਹਰਿਆਣਾ ਅਤੇ ਜਪਾਨ ਦੇ ਵਿਚਕਾਰ ਦੋਪੱਖੀ ਸਹਿਯੋਗ ਨੂੰ ਹੋਰ ਡੂੰਘਾ ਕਰਨ 'ਤੇ ਜੋਰ ਦਿੱਤਾ। ਉਨ੍ਹਾਂ ਨੇ ਛੋਟੇ ਅਤੇ ਮੱਧਮ ਉਦਯੋਗਾਂ ਦੇ ਵਿਚ ਸਾਝੇਕਾਰੀ ਵਧਾਉਣ ਦੀ ਪਹਿਲ ਦਾ ਸੁਝਾਅ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ ਸਮੱਗਰੀ, ਉਦਯੋਗਿਕ ਪੁਰਜੇ, ਮੈਟਲ ਵਰਕਿੰਗ ਉਦਯੋਗਾਂ ਦੇ ਨਾਲ-ਨਾਲ ਆਟੋ, ਆਟੋ ਪਾਰਟਸ ਅਤੇ ਇਲੈਕਟ੍ਰੋਨਿਕ ਮੈਨੂਫੈਕਚਰਿੰਗ ਖੇਤਰ ਵਿੱਚ ਵੱਡੀ ਸੰਭਾਵਨਾਵਾਂ ਹੋਣ। ਇੰਨ੍ਹਾਂ ਖੇਤਰਾਂ ਵਿੱਚ ਜਪਾਨ ਅਤੇ ਹਰਿਆਣਾ ਵਿਚ ਵਿਚਕਾਰ ਆਪਸੀ ਸਹਿਯੋਗ ਨਾਲ ਵਪਾਰਕ ਗਤੀਵਿਧੀਆਂ ਦੇ ਕਾਫੀ ਲਾਭ ਮਿਲੇਗਾ।

# ਦੇਸ਼ ਦਾ ਵਿਕਾਸ ਇੰਜਣ, ਹਰਿਆਣਾ, ਸਵਦੇਸ਼ੀ ਮੁਹਿੰਮ ਦੇ ਮੋਹਰੀ ਰਹੇਗਾ: ਡਾ. ਅਰਵਿੰਦ ਸ਼ਰਮਾ

## ਭਾਜਪਾ ਸਰਕਾਰ ਨੌਜਵਾਨਾਂ ਨੂੰ ਬੇਰੁਜ਼ਗਾਰ ਨਹੀਂ, ਬੇਰੁਜ਼ਗਾਰ ਬਣਾਏਗੀ



ਗੋਹਾਨਾ, 6 ਅਕਤੂਬਰ (ਪ੍ਰਤੀਨਿਧੀ): ਸਹਿਯੋਗ, ਜੇਲ੍ਹਾਂ, ਚੋਣਾਂ, ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਹਰਿਆਣਾ ਦੇਸ਼ ਦਾ ਵਿਕਾਸ ਇੰਜਣ ਹੈ। ਹਰਿਆਣਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੇਕ ਇਨ ਇੰਡੀਆ, ਮੇਕ ਫਾਰ ਦ ਵਰਲਡ ਵਾਅਦੇ ਨੂੰ ਪੂਰਾ ਕਰਨ ਵਿੱਚ ਦੂਜੇ ਰਾਜਾਂ ਲਈ ਇੱਕ ਮਿਸਾਲ ਕਾਇਮ ਕਰੇਗਾ। ਸਵਦੇਸ਼ੀ ਦੇ ਟੀਚੇ ਨੂੰ ਪੂਰਾ ਕਰਨ ਲਈ, ਭਾਜਪਾ ਸਰਕਾਰ ਹਰ ਨੌਜਵਾਨ ਨੂੰ ਨੌਕਰੀ ਲੱਭਣ ਵਾਲਾ ਨਹੀਂ, ਸਗੋਂ ਨੌਕਰੀ ਪੈਦਾ ਕਰਨ ਵਾਲਾ ਬਣਾਉਣ ਲਈ ਕੰਮ ਕਰ ਰਹੀ ਹੈ। ਸੋਮਵਾਰ ਨੂੰ, ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਸਿੰਚਾਈ ਰੈਸਟ ਹਾਊਸ, ਗੋਹਾਨਾ ਵਿਖੇ ਸਵੈ-ਨਿਰਭਰ ਭਾਰਤ ਵਾਅਦਾ ਮੁਹਿੰਮ 'ਤੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ, ਜਿਸ ਵਿੱਚ ਬੁਲਾਰੇ ਪ੍ਰਦੀਪ ਅਹਲਾਵਤ, ਗੋਹਾਨਾ ਭਾਜਪਾ ਜ਼ਿਲ੍ਹਾ ਪ੍ਰਧਾਨ ਬਿਜੇਂਦਰ ਮਲਿਕ, ਡਾ. ਧਰਮਬੀਰ ਨੰਦਲ ਅਤੇ ਰਣਧੀਰ ਲਠਵਾਲ ਸ਼ਾਮਲ ਹੋਏ। ਕੈਬਨਿਟ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 2047 ਤੱਕ ਵਿਕਸਤ ਭਾਰਤ ਬਣਾਉਣ ਦੇ ਟੀਚੇ ਨੂੰ ਪ੍ਰਾਪਤ ਕਰਨ ਦਾ ਰਸਤਾ ਸਵੈ-ਨਿਰਭਰਤਾ ਰਾਹੀਂ ਹੈ। ਉਨ੍ਹਾਂ ਕਿਹਾ ਕਿ ÷ਵੋਕਲ ਫਾਰ ਲੋਕਲ÷ ਮੁਹਿੰਮ ਇੱਕ ਦੇਸ਼ ਵਿਆਪੀ ਮੰਤਰ ਬਣ ਗਈ ਹੈ, ਜੋ ਹਰ ਭਾਰਤੀ ਦੇ ਸਵੈ-ਮਾਣ, ਤਾਕਤ ਅਤੇ ਦ੍ਰਿੜਤਾ ਦਾ ਪ੍ਰਤੀਕ ਹੈ। ਉਨ੍ਹਾਂ ਅੱਗੇ ਕਿਹਾ ਕਿ ÷ਆਤਮਨਿਰਭਰ ਭਾਰਤ ਸੰਕਲਪ ਅਭਿਆਨ÷ (ਸਵੈ-ਨਿਰਭਰ ਭਾਰਤ ਮੁਹਿੰਮ) ਇੱਕ ਜਨ ਅੰਦੋਲਨ ਵਿੱਚ ਬਦਲ ਰਹੀ ਹੈ। ਹਰਿਆਣਾ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ, ਇਸ ਮੁਹਿੰਮ ਵਿੱਚ ਮੁੱਖ ਭੂਮਿਕਾ ਨਿਭਾਏਗਾ, ਜੋ ਕਿ 25 ਸਤੰਬਰ ਨੂੰ ਪੰਡਿਤ ਦੀਨਦਿਆਲ ਉਪਾਧਿਆਏ ਦੀ ਜਯੰਤੀ ਤੋਂ ਸ਼ੁਰੂ ਹੋਵੇਗੀ ਅਤੇ 25 ਦਸੰਬਰ ਨੂੰ ਭਾਰਤ ਰਤਨ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਜਯੰਤੀ ਤੱਕ ਜਾਰੀ ਰਹੇਗੀ। ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ÷ਆਤਮਨਿਰਭਰ ਭਾਰਤ ਸੰਕਲਪ ਅਭਿਆਨ÷ ÷ਸਵਦੇਸ਼ੀ÷, ÷ਸਵਦੇਸ਼ੀ÷ (ਸਵੈ-ਮਾਣ), ÷ਸਵਦੇਸ਼ੀ÷ (ਸਵੈ-ਮਹੱਤਵ) ਅਤੇ ÷ਸਵਦੇਸ਼ੀ÷ (ਸਵੈ-ਮਹੱਤਤਾ) ਦੇ ਥੰਮ੍ਹਾਂ 'ਤੇ ਅਧਾਰਤ ਹੈ। ਅੱਜ ਦੇਸ਼ ਵਿੱਚ 160,000 ਸਟਾਰਟਅੱਪਸ ਰਾਹੀਂ, ਸਾਡੇ ਨੌਜਵਾਨ ਨਾ ਸਿਰਫ਼ ਦੇਸ਼ ਵਿੱਚ ਸਗੋਂ ਵਿਦੇਸ਼ਾਂ ਵਿੱਚ ਵੀ ਮਿਆਰੀ ਉਤਪਾਦ ਅਤੇ ਸੇਵਾਵਾਂ ਪ੍ਰਦਾਨ ਕਰਕੇ ਵਿਦੇਸ਼ੀ ਕੰਪਨੀਆਂ ਨਾਲ ਮੁਕਾਬਲਾ ਕਰ ਰਹੇ ਹਨ। ਭਾਰਤੀ ਭਾਸ਼ਾਵਾਂ ਵਿੱਚ ਕੋਰਸ ਪੇਸ਼ ਕਰਨ ਦਾ ਮੌਕਾ, ਜਿਨ੍ਹਾਂ ਨੂੰ ਦਵਾਈ, ਇੰਜੀਨੀਅਰਿੰਗ ਅਤੇ ਵਿਗਿਆਨ ਵਿੱਚ ਮੁਸ਼ਕਲ ਮੰਨਿਆ ਜਾਂਦਾ ਹੈ, ਇਸ ਦਿਸ਼ਾ ਵਿੱਚ ਇੱਕ ਵੱਡੀ ਪਹਿਲ ਹੈ। 2014 ਤੱਕ, ਸਵਦੇਸ਼ੀ ਤੌਰ 'ਤੇ ਤਿਆਰ ਖਾਦੀ ਦੀ ਵਿਕਰੀ ?33,000 ਕਰੋੜ ਦੀ ਸੀ, ਜੋ ਪਿਛਲੇ 11 ਸਾਲਾਂ ਵਿੱਚ ਵਧ ਕੇ ?175,000 ਕਰੋੜ ਹੋ ਗਈ ਹੈ, ਜੋ ਕਿ ਉਤਪਾਦਨ ਵਿੱਚ 315% ਵਾਧਾ ਅਤੇ ਵਿਕਰੀ ਵਿੱਚ 400% ਵਾਧਾ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਦੇਸ਼ ਦੇ ਰੱਖਿਆ ਨਿਰਯਾਤ ਵਿੱਚ 34 ਗੁਣਾ ਵਾਧਾ ਹੋਇਆ ਹੈ। ਸਵਦੇਸ਼ੀ ਯੂਪੀਆਈ ਨੇ ਇੱਕ ਵਿਲੱਖਣ ਪਛਾਣ ਬਣਾਈ ਹੈ, ਜਿਸ ਨਾਲ ?24 ਲੱਖ ਕਰੋੜ ਦੇ ਲੈਣ-ਦੇਣ ਹੋਏ ਹਨ। ਭਾਰਤ ਦੁਨੀਆ ਨੂੰ 20% ਜੈਨਰਿਕ ਦਵਾਈਆਂ ਅਤੇ 60% ਟੀਕੇ, 40% ਅਮਰੀਕਾ ਨੂੰ ਅਤੇ 25% ਯੂਕੇ ਨੂੰ ਸਪਲਾਈ ਕਰਦਾ ਹੈ। ਇਸੇ ਤਰ੍ਹਾਂ, ਭਾਰਤ ਸਵਦੇਸ਼ੀ ਦੇ ਜ਼ੋਰ 'ਤੇ ਹਰ ਖੇਤਰ ਅਤੇ ਵਿਸ਼ਵ ਪੱਧਰ 'ਤੇ ਲਗਾਤਾਰ ਮਜ਼ਬੂਤ ਹੋ ਰਿਹਾ ਹੈ। ਹੁਣ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਸਮੂਹਿਕ ਤੌਰ 'ਤੇ ਸਵਦੇਸ਼ੀ ਉਤਪਾਦ ਖਰੀਦੀਏ, ਵਪਾਰੀਆਂ ਨੂੰ ਸਵਦੇਸ਼ੀ ਉਤਪਾਦ ਵੇਚਣ ਲਈ ਉਤਸ਼ਾਹਿਤ ਕਰੀਏ ਅਤੇ ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਵਧਣ ਨੂੰ ਯਕੀਨੀ ਬਣਾਈਏ। ਕੈਬਨਿਟ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਜੇਕਰ ਹਰਿਆਣਾ ਦਾ ਹਰ ਨਾਗਰਿਕ ਆਪਣੇ ਨਿੱਜੀ, ਪਰਿਵਾਰਕ, ਸਮਾਜਿਕ ਅਤੇ ਪੇਸ਼ੇਵਰ ਜੀਵਨ ਵਿੱਚ ਸਵਦੇਸ਼ੀ ਨੂੰ ਅਪਣਾਏ, ਤਾਂ ਉਹ ਦਿਨ ਦੂਰ ਨਹੀਂ ਜਦੋਂ ਹਰਿਆਣਾ ਦੇਸ਼ ਦਾ ਵਿਕਾਸ ਇੰਜਣ ਬਣ ਜਾਵੇਗਾ ਅਤੇ ਦੂਜੇ ਰਾਜਾਂ ਲਈ ਇੱਕ ਮਹਾਨ ਉਦਾਹਰਣ ਕਾਇਮ ਕਰੇਗਾ। ਇਸ ਮੌਕੇ ਮਾਰਕੀਟ ਕਮੇਟੀ ਗੋਹਾਨਾ ਦੇ ਚੇਅਰਮੈਨ ਕ੍ਰਿਸ਼ਨਾ ਸੈਣੀ, ਸ਼ੇਰ ਸਿੰਘ ਬੇਦਵਾਲ, ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਜਤਿੰਦਰ ਸ਼ਰਮਾ ਅਤੇ ਮਹਿੰਦਰ ਚਿਦਾਨਾ, ਡਾ. ਓਮਪ੍ਰਕਾਸ਼ ਸ਼ਰਮਾ, ਮੰਡਲ ਪ੍ਰਧਾਨ ਭੂਪੇਂਦਰ ਮੁਦਗਿਲ, ਸੂਰਤ ਸਿੰਘ, ਪ੍ਰਵੀਨ ਖੁਰਾਨਾ, ਰਾਜੇਸ਼ ਭਾਵਦ, ਡਾ. ਰਾਮਮੇਹਰ ਰਾਠੀ, ਜਗਬੀਰ ਜੈਨ, ਕੁਲਦੀਪ ਕੌਸ਼ਿਕ ਅਤੇ ਹੋਰ ਮੌਜੂਦ ਸਨ।

# ਰਾਜ ਸਰਕਾਰ ਦਾ ਮੁੱਖ ਉਦੇਸ਼ ਸਮਾਜ ਦੇ ਹਰ ਵਰਗ ਦੀ ਭਲਾਈ, ਕਿਸਾਨਾਂ ਦੀ ਭਲਾਈ ਅਤੇ ਖੇਤਰ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਹੈ: ਰਾਮਕੁਮਾਰ ਕਸ਼ਯਪ

## ਵਿਧਾਇਕ ਰਾਮਕੁਮਾਰ ਕਸ਼ਯਪ ਨੇ ਸਿੰਚਾਈ ਵਿਭਾਗ ਦੇ ਰੈਸਟ ਹਾਊਸ ਵਿਖੇ ਜਨਤਕ ਸੁਣਵਾਈ ਕੀਤੀ



ਇੰਦਰੀ, 6 ਅਕਤੂਬਰ (ਪ੍ਰਤੀਨਿਧੀ): ਵਿਧਾਇਕ ਅਤੇ ਸਰਕਾਰੀ ਮੁੱਖ ਵ੍ਹਿਪ ਰਾਮਕੁਮਾਰ ਕਸ਼ਯਪ ਨੇ ਸੋਮਵਾਰ ਨੂੰ ਸਿੰਚਾਈ ਵਿਭਾਗ ਦੇ ਰੈਸਟ ਹਾਊਸ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਤੁਰੰਤ ਹੱਲ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜਨਤਕ ਮੁੱਦਿਆਂ ਅਤੇ ਸ਼ਿਕਾਇਤਾਂ ਦਾ ਹੱਲ ਕਰਨਾ ਨਾ ਸਿਰਫ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਬਲਕਿ ਉਨ੍ਹਾਂ ਦਾ ਫਰਜ਼ ਵੀ ਹੈ।

ਉਨ੍ਹਾਂ ਕਿਹਾ ਕਿ ਜਦੋਂ ਵੀ ਉਨ੍ਹਾਂ ਕੋਲ ਸਮਾਂ ਹੁੰਦਾ ਹੈ, ਉਹ ਲੋਕਾਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਸੁਣਦੇ ਹਨ ਅਤੇ ਉਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਜਨਤਕ ਸੁਣਵਾਈ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਰਾਮਕੁਮਾਰ ਕਸ਼ਯਪ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬਾ ਸਰਕਾਰ ਕਈ ਲੋਕ ਭਲਾਈ ਯੋਜਨਾਵਾਂ ਲਾਗੂ ਕਰ ਰਹੀ ਹੈ, ਜਿਨ੍ਹਾਂ ਦਾ ਸਿੱਧਾ ਲਾਭ ਰਾਜ ਦੇ ਹਰ ਵਰਗ ਨੂੰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਭਾਜਪਾ ਵੱਲੋਂ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਕੰਮ ਕਰ ਰਹੀ ਹੈ। ਮਤੇ ਅਨੁਸਾਰ, 1000 ਕਰੋੜ ਰੁਪਏ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਲਾਡੋ ਲਕਸ਼ਮੀ ਯੋਜਨਾ ਤਹਿਤ ਔਰਤਾਂ ਨੂੰ ਪ੍ਰਤੀ ਮਹੀਨਾ 2,100 ਰੁਪਏ ਦੀ ਸਹਾਇਤਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ, ਕਿਸਾਨਾਂ ਦੀ ਭਲਾਈ ਅਤੇ ਖੇਤਰ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਹੈ।

ਵਿਧਾਇਕ ਰਾਮਕੁਮਾਰ ਕਸ਼ਯਪ ਨੇ ਕਿਹਾ ਕਿ, ਲੋਕ ਸੇਵਾ ਦੀ ਭਾਵਨਾ ਨਾਲ, ਉਹ ਜਨਤਾ ਨਾਲ ਸਿੱਧਾ ਸੰਪਰਕ ਬਣਾਈ ਰੱਖਣ ਲਈ ਹਰ ਸੋਮਵਾਰ ਨੂੰ ਵਿਸ਼ੇਸ਼ ਜਨਤਕ ਸੁਣਵਾਈਆਂ ਕਰ ਰਹੇ ਹਨ।

ਇਸ ਨਾਲ ਲੋਕਾਂ ਦਾ ਸਰਕਾਰ ਵਿੱਚ ਵਿਸ਼ਵਾਸ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਹਰ ਸੋਮਵਾਰ ਨੂੰ ਸਿੰਚਾਈ ਵਿਭਾਗ ਦੇ ਰੈਸਟ ਹਾਊਸ ਵਿਖੇ ਹਲਕੇ ਦੇ ਲੋਕਾਂ ਨਾਲ ਮਿਲਦੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਹਲਕੇ ਦੇ ਲੋਕ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਕਿਸੇ ਵੀ ਸਮੇਂ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਹਰ ਪਿੰਡ ਵਿੱਚ ਵਿਕਾਸ ਕਾਰਜ ਕੀਤੇ ਜਾਣਗੇ।

ਜਨਤਕ ਸੁਣਵਾਈ ਦੌਰਾਨ ਹੇਠ ਲਿਖੇ ਮੁੱਦੇ ਉਠਾਏ ਗਏ: ਪਿੰਡ ਬੀੜ ਭਦਾਸੂਆਂ ਦੇ ਜੈ ਸਿੰਘ ਨੇ ਆਪਣੇ ਬਿਜਲੀ ਬਿੱਲ ਬਾਰੇ ਪੁੱਛਿਆ, ਪਿੰਡ ਛਪਾਰ ਦੇ ਸੰਜੀਵ ਕੁਮਾਰ ਨੇ ਪੀਣ ਵਾਲੇ ਪਾਣੀ ਦੀਆਂ ਸਮੱਸਿਆਵਾਂ ਬਾਰੇ ਪੁੱਛਿਆ, ਸੰਤ ਰਵਿਦਾਸ ਸਭਾ ਇੰਦਰੀ ਦੇ ਮੈਂਬਰਾਂ ਨੇ ਇੱਕ ਪੁਰਾਣੇ ਖੂਹ ਦੇ ਨਵੀਨੀਕਰਨ ਬਾਰੇ ਪੁੱਛਿਆ, ਪਿੰਡ ਗੋਰਗੜ੍ਹ ਦੀ ਰਹਿਣ ਵਾਲੀ ਗੀਤਾ ਰਾਣੀ ਨੇ ਮੁੱਖ ਮੰਤਰੀ ਪੇਂਡੂ ਆਵਾਸ ਯੋਜਨਾ 2.0 ਅਧੀਨ 100 ਵਰਗ ਗਜ਼ ਦੇ ਪਲਾਟ ਬਾਰੇ ਪੁੱਛਿਆ, ਇੰਦਰੀ ਦੀ ਰਹਿਣ ਵਾਲੀ ਰਕਸ਼ਾ ਰਾਣੀ ਨੇ ਨਾਲੀ ਅਤੇ ਗਲੀਆਂ ਦੀਆਂ ਸਮੱਸਿਆਵਾਂ ਬਾਰੇ ਪੁੱਛਿਆ, ਅਤੇ ਗ੍ਰਾਮ ਪੰਚਾਇਤ ਅਬਦੁੱਲਾਪੁਰ ਦੀ ਸਰਪੰਚ ਨੇ ਪਿੰਡ ਦੇ ਛੱਪੜ ਦੇ ਆਲੇ-ਦੁਆਲੇ ਚਾਰਦੀਵਾਰੀ ਬਣਾਉਣ ਬਾਰੇ ਪੁੱਛਿਆ। ਵਿਧਾਇਕ ਨੇ ਆਏ ਸਾਰੇ ਲੋਕਾਂ ਦੀਆਂ ਚਿੰਤਾਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।

# ਨਾਇਬ ਸਿੰਘ ਸੈਣੀ ਦੇ ਜਾਪਾਨ ਦੌਰੇ ਦੌਰਾਨ ਜਾਪਾਨ ਦੀ ਸੇਇਰੇਨ ਕੰਪਨੀ ਨੇ ਹਰਿਆਣਾ ਨਾਲ ਕੀਤਾ ਐਮਓਯੂ



ਪੰਚਕੂਲਾ, 6 ਅਕਤੂਬਰ (ਪ੍ਰਤੀਨਿਧੀ): ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਜਾਪਾਨ ਦੌਰੇ 'ਤੇ ਗਏ ਪ੍ਰਤੀਨਿਧੀਮੰਡਲ ਨੇ ਅੱਜ ਟੋਕਿਯੋ ਵਿੱਚ ਜਾਪਾਨ ਦੀ ਸ਼ਾਨਦਾਰ ਸੇਇਰੇਨ ਕੰਪਨੀ ਲਿਮਿਟੇਡ ਨਾਲ ਇੱਕ ਮਹੱਤਵਪੂਰਨ ਸਮਝੋਮੇ 'ਤੇ ਦਸਤਾਖਰ ਕੀਤੇ। ਇਸ ਸਮਝੌਤੇ ਤਹਿਤ ਸੇਇਰੇਨ ਕੰਪਨੀ ਰੋਹਤੱਕ ਵਿੱਚ ਆਪਣੇ ਮੇਗਾ ਪ੍ਰੋਜੈਕਟ ਵਿੱਚ 220 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕਰੇਗੀ। ਇਸ ਪਰਿਯੋਜਨਾ ਤੋਂ ਲਗਭਗ 1700 ਤੋਂ ਵੱਧ ਨੌਜੁਆਭਨਾਂ ਨੂੰ ਰੁਜਗਾਰ ਦੇ ਮੌਕੇ ਪ੍ਰਾਪਤ ਹੋਣਗੇ। ਇਸ ਦੌਰਾਨ ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਵੀ ਮੌਜੂਦ ਰਹੇ।

ਵਰਣਯੋਗ ਹੈ ਕਿ ਸੇਇਰੇਨ ਕੰਪਨੀ ਲਿਮਿਟੇਡ ਟੈਕਸਟਾਇਲ ਸੋਲਯੂਸ਼ਨ ਅਤੇ ਉੱਨਤ ਸਾਮਗਰੀ ਨਿਰਮਾਣ ਵਿੱਚ ਗਲੋਬਲ ਪੱਧਰ 'ਤੇ ਅਗ੍ਰਣੀ ਕੰਪਨੀ ਹੈ ਜਿਸ ਦੇ ਉਤਪਾਦ ਆਟੋਮੋਬਾਇਲ, ਇੰਟੀਰਿਅਰ, ਵਾਤਾਵਰਨ ਸਰੰਖਣ, ਲਾਇਫਸਟਾਇਲ, ਕਾਸਮੇਟਿਕਸ, ਇਲੈਕਟ੍ਰਾਨਿਕ ਕੰਪੋਨੇਟਸ, ਸੇਂਸਰ ਅਤੇ ਮੈਗ੍ਰੇਟਿਕ ਮਟੇਰਿਅਲ ਜਿਹੇ ਕਈ ਖੇਤਰਾਂ ਵਿੱਚ ਉਪਯੋਗ ਹੁੰਦੇ ਹਨ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਰਤ ਦੀ ਵੱਧਦੀ ਹੋਈ ਅਰਥਵਿਵਸਥਾ, ਯੁਵਾ ਆਬਾਦੀ ਅਤੇ ਵੱਡਾ ਬਾਜਾਰ ਅਤੇ ਜਾਪਾਨ ਦੇ ਤੱਕਨੀਕੀ ਕੌਸ਼ਲ, ਵਿਨਿਰਮਾਣ ਕੌਸ਼ਲ ਅਤੇ ਵਿਤੀ ਸਰੋਤ ਦੋਹਾਂ ਦੇਸ਼ਾਂ ਦੀ ਤਰੱਕੀ ਵਿੱਚ ਬਹੁਤ ਉਪਯੋਗੀ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਹਰਿਆਣਾ ਦੀ ਪਛਾਣ ਇੱਕ ਸਸ਼ਕਤ ਉਦਯੋਗਿਕ ਅਤੇ ਤੱਕਨਾਲੋਜੀ ਕੇਂਦਰ ਵੱਜੋਂ ਬਣੀ ਹੈ। ਹਰਿਆਣਾ ਭਾਰਤ ਦੇ ਭੌਗੋਲਿਕ ਖੇਤਰਫਲ ਦਾ ਸਿਰਫ਼ 1.3 ਫੀਸਦੀ ਹੈ। ਪਰ ਇਹ ਦੇਸ਼ ਦੀ ਜੀ.ਡੀ.ਪੀ. ਵਿੱਚ 3.6 ਫੀਸਦੀ ਦਾ ਯੋਗਦਾਨ ਦਿੰਦਾ ਹੈ। ਹਰਿਆਣਾ ਹਮੇਸ਼ਾ ਤੋਂ ਜਾਪਾਨੀ ਬਹੁਰਾਸ਼ਟਰੀ ਕੰਪਨਿਆਂ ਲਈ ਇੱਕ ਪਸੰਦੀਦਾ ਨਿਵੇਸ਼ ਸਥਲ ਰਿਹਾ ਹੈ। ਹਰਿਆਣਾ ਭਾਰਤ ਦੇ ਨਿਰਯਾਤ ਵਿੱਚ ਯੋਗਦਾਨ ਦੇਣ ਵਾਲਾ ਪ੍ਰਮੁੱਖ ਰਾਜ ਹੈ। ਹਰਿਆਣਾ ਨੇ ਸਾਲ 2023-24 ਵਿੱਚ 2 ਲੱਖ 75 ਹਜ਼ਾਰ ਕਰੋੜ ਰੁਪਏ ਦਾ ਨਿਰਯਾਤ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ 2000 ਤੋਂ ਵੱਧ ਟੈਕਸਟਾਇਲ ਯੂਨਿਟਾਂ ਹਨ। ਹਰਿਆਣਾ ਭਾਰਤ ਦੇ ਟੈਕਸਟਾਇਲ ਉਤਪਾਦਨ ਵਿੱਚ ਦੂਜਾ ਸਭ ਤੋਂ ਵੱਡਾ ਯੋਗਦਾਨ ਦੇਣ ਵਾਲਾ ਰਾਜ ਹੈ ਜੋ ਸਿੰਥੇਟਿਕ ਅਤੇ ਵਿਸ਼ੇਸ਼ ਕਪੜਿਆਂ ਲਈ ਇੱਕ ਮਜਬੂਤ ਆਧਾਰ ਪ੍ਰਦਾਨ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿੱਚ ਆਈਟੀਆਈ ਅਤੇ ਕਈ ਕੌਸ਼ਲ ਵਿਕਾਸ ਕੇਂਦਰ ਹਨ। ਸੇਇਰੇਨ ਕੰਪਨੀ ਨਾਲ ਹੋਏ ਐਮਓਯੂ ਨਾਲ ਹਰਿਆਣਾ ਇਸ ਖੇਤਰ ਵਿੱਚ ਹੋਰ ਵੱਧ ਤਰੱਕੀ ਹੋਵੇਗੀ ਅਤੇ ਰੁਜਗਾਰ ਦੇ ਮੌਕੇ ਪੈਦਾ ਹੋਣਗੇ।

ਉਨ੍ਹਾਂ ਨੇ ਕਿਹਾ ਕਿ ਇਹ ਨਿਵੇਸ਼ ਰਾਜ ਦੇ ਵਿਨਿਰਮਾਣ ਖੇਤਰ ਨੂੰ ਨਵੀਂ ਗਤੀ ਦੇਵੇਗਾ ਅਤੇ ਹਰਿਆਣਾ ਨੂੰ ਗਲੋਬਲ ਉਦਯੋਗਿਕ ਨਕਸ਼ੇ 'ਤੇ ਹੋਰ ਮਜਬੂਤ ਸਥਿਤੀ ਪ੍ਰਦਾਨ ਕਰੇਗਾ।

ਨਵੀਂ ਨਵੀਂ ਤੱਕਨਾਲੋਜੀ ਦੇ ਉਪਯੋਗ ਨਾਲ ਰਾਜ ਵਿੱਚ ਉਦਯੋਗਿਕ ਨਵਾਚਾਰ ਨੂੰ ਵਾਧਾ ਮਿਲੇਗਾ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਦੇਸ਼ ਦਾ ਪਹਿਲਾ ਬਹੁਤ ਵੱਡਾ ਗੈਸ ਕੈਰੀਅਰ 'ਸ਼ਿਵਾਲਿਕ' ਵਿਸ਼ਾਖਾਪਟਨਮ ਬੰਦਰਗਾਹ ਪੁੱਜਾ

ਵਿਸ਼ਾਖਾਪਟਨਮ, 6 ਅਕਤੂਬਰ (ਪ੍ਰਤੀਨਿਧੀ): ਕੇਂਦਰੀ ਮੰਤਰੀ ਸਰਬਨੰਦ ਸੋਨੋਵਾਲ ਨੇ ਸੋਮਵਾਰ ਨੂੰ ਭਾਰਤ ਦੇ ਪਹਿਲੇ ਬਹੁਤ ਵੱਡੇ ਗੈਸ ਕੈਰੀਅਰ (VLGC) 'ਸ਼ਿਵਾਲਿਕ' ਦੇ ਵਿਸ਼ਾਖਾਪਟਨਮ ਬੰਦਰਗਾਹ 'ਤੇ ਪਹਿਲੀ ਵਾਰ ਆਉਣ 'ਤੇ ਰਸਮੀ ਸਵਾਗਤ ਕੀਤਾ। ਇਹ ਜਹਾਜ਼ ਜਿਸ ਨੂੰ ਸ਼ਿਪਿੰਗ ਕਾਰਪੋਰੇਸ਼ਨ ਆਫ਼ ਇੰਡੀਆ (SCI) ਵੱਲੋਂ 10 ਸਤੰਬਰ ਨੂੰ ਭਾਰਤੀ ਝੰਡੇ ਹੇਠ ਸ਼ਾਮਲ ਕੀਤਾ ਗਿਆ ਸੀ, ਦੇਸ਼ ਦੇ ਸਮੁੰਦਰੀ ਤੇ ਊਰਜਾ ਢੋਆ-ਢੁਆਈ ਵਿੱਚ ਇੱਕ ਅਹਿਮ ਮੀਲ ਪੱਥਰ ਹੈ।

ਬੰਦਰਗਾਹਾਂ, ਸ਼ਿਪਿੰਗ ਅਤੇ ਜਲ ਮਾਰਗਾਂ ਬਾਰੇ ਕੇਂਦਰੀ ਮੰਤਰੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ, 'ਵਿਸ਼ਾਖਾਪਟਨਮ ਬੰਦਰਗਾਹ 'ਤੇ ਭਾਰਤ ਦੇ ਪਹਿਲੇ ਬਹੁਤ ਵੱਡੇ ਗੈਸ ਕੈਰੀਅਰ (VLGC) 'ਸ਼ਿਵਾਲਿਕ' ਦਾ ਸੁਆਗਤ ਹੈ... ਭਾਰਤੀ ਝੰਡੇ ਹੇਠ 'ਸ਼ਿਵਾਲਿਕ' ਨੂੰ ਸ਼ਾਮਲ ਕਰਨਾ ਇੱਕ ਮਾਣ ਵਾਲਾ ਮੀਲ ਪੱਥਰ ਹੈ, ਜੋ ਭਾਰਤ ਦੇ ਸਮੁੰਦਰੀ ਵਿਕਾਸ ਨੂੰ ਦਰਸਾਉਂਦਾ ਹੈ ਅਤੇ ਆਤਮ-ਨਿਰਭਰ ਭਾਰਤ ਤੇ ਮੈਰੀਟਾਈਮ ਇੰਡੀਆ ਵਿਜ਼ਨ 2030 ਦੇ ਅਨੁਸਾਰ ਹੈ।÷ ਉਨ੍ਹਾਂ ਐਸ ਸੀ ਆਈ ਟੀਮ ਨੂੰ ਵਧਾਈ ਦਿੱਤੀ ਅਤੇ ਜਹਾਜ਼ ਦੇ ਪਹਿਲੀ ਐਲ ਪੀ ਜੀ ਖੇਪ ਨੂੰ ਸੰਭਾਲਣ ਦੌਰਾਨ ਸੁਚਾਰੂ ਕਾਰਵਾਈਆਂ ਲਈ ਵਿਸ਼ਾਖਾਪਟਨਮ ਪੋਰਟ ਅਥਾਰਟੀ (VPA) ਦੀ ਸ਼ਲਾਘਾ ਕੀਤੀ। 'ਸ਼ਿਵਾਲਿਕ' ਦੀ ਆਮਦ ਭਾਰਤ ਸਰਕਾਰ ਦੇ ਆਤਮ-ਨਿਰਭਰ ਭਾਰਤ ਬਾਰੇ ਦ੍ਰਿਸ਼ਟੀਕੋਣ ਅਤੇ ਮੈਰੀਟਾਈਮ ਇੰਡੀਆ ਵਿਜ਼ਨ 2030 ਅਨੁਸਾਰ ਹੈ, ਜੋ ਸ਼ਿਪਿੰਗ ਖੇਤਰ ਵਿੱਚ ਆਤਮ-ਨਿਰਭਰਤਾ ਅਤੇ ਸਵਦੇਸ਼ੀ ਵਿਕਾਸ ਨੂੰ ਉਤਸ਼ਾਹਿਤ ਕਰਦੀ ਹੈ। ਸੋਨੋਵਾਲ ਨੇ 'ਸ਼ਿਵਾਲਿਕ' ਦੇ ਕਰੂ (crew) ਮੈਂਬਰਾਂ ਨਾਲ ਗੱਲਬਾਤ ਕੀਤੀ ਅਤੇ ਭਾਰਤ ਦੀ ਸਮੁੰਦਰੀ ਪ੍ਰਗਤੀ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ।

Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
PRGI (RNI) Regd. No. 57283/1994 -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
PRGI (RNI) Regd. No. 57283/1994 -ਸੰਪਾਦਕ: ਜਸਕੀਰਤ ਸਿੰਘ

# ਵਿਧਾਇਕ ਜਗਮੋਹਨ ਆਨੰਦ ਅਤੇ ਮੇਅਰ ਰੇਣੂ ਬਾਲਾ ਗੁਪਤਾ ਨੇ ਵਾਰਡ 4, 5 ਅਤੇ 10 ਵਿੱਚ ਲਗਭਗ 101.94 ਮਿਲੀਅਨ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ

## ਪਾਰਕ ਨੰਬਰ 9, ਸੈਕਟਰ 13 ਵਿੱਚ ਤਿਰੰਗੇ ਝੰਡੇ ਦਾ ਉਦਘਾਟਨ ਕੀਤਾ



ਕਰਨਾਲ, 6 ਅਕਤੂਬਰ (ਪ੍ਰਤੀਨਿਧੀ): ਕਰਨਾਲ ਦੇ ਵਿਧਾਇਕ ਜਗਮੋਹਨ ਆਨੰਦ ਅਤੇ ਨਗਰ ਨਿਗਮ ਦੀ ਮੇਅਰ ਰੇਣੂ ਬਾਲਾ ਗੁਪਤਾ ਨੇ ਸਾਂਝੇ ਤੌਰ 'ਤੇ ਸੋਮਵਾਰ ਨੂੰ ਵਾਰਡ 4, 5 ਅਤੇ 10 ਵਿੱਚ ਲਗਭਗ 101.94 ਮਿਲੀਅਨ ਦੇ ਤਿੰਨ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਪਾਰਕ ਨੰਬਰ 9, ਸੈਕਟਰ 13 ਵਿੱਚ ਤਿਰੰਗੇ ਝੰਡੇ ਦਾ ਵੀ ਉਦਘਾਟਨ ਕੀਤਾ ਗਿਆ। ਇਸ ਮੌਕੇ ਵਾਰਡ 4 ਦੇ ਕੌਂਸਲਰ ਭੂਪੇਂਦਰ ਨੋਟਨਾ, ਵਾਰਡ 5 ਦੇ ਕੌਂਸਲਰ ਸੁਭਾਸ਼ ਕੰਬੋਜ, ਵਾਰਡ 10 ਦੇ ਕੌਂਸਲਰ ਕੁਮਾਰੀ ਆਸ਼ਿਆ ਕੁਮਾਰ ਅਤੇ ਨਗਰ ਨਿਗਮ ਦੇ ਇੰਜੀਨੀਅਰ ਮੌਜੂਦ ਸਨ।

ਵਿਧਾਇਕ ਜਗਮੋਹਨ ਆਨੰਦ ਨੇ ਕਿਹਾ ਕਿ ਕਰਨਾਲ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ, ਅਤੇ ਕਰਨਾਲ ਦੇ ਹਰ ਕੋਨੇ ਤੱਕ ਵਿਕਾਸ ਦੀ ਰੌਸ਼ਨੀ ਪਹੁੰਚਾਉਣ ਦਾ ਸਾਡਾ ਸੰਕਲਪ ਹੈ। ਕਰਨਾਲ ਨਗਰ ਨਿਗਮ ਕੋਲ ਵਿਕਾਸ ਲਈ ਬਜਟ ਦੀ ਕੋਈ ਕਮੀ ਨਹੀਂ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਕੇਂਦਰੀ ਊਰਜਾ ਅਤੇ ਸ਼ਹਿਰੀ ਅਤੇ ਰਿਹਾਇਸ਼ ਮੰਤਰੀ ਮਨੋਹਰ ਲਾਲ ਦੀ ਅਗਵਾਈ ਹੇਠ, ਵਿਕਾਸ ਕਾਰਜ ਨਿਰੰਤਰ ਜਾਰੀ ਹਨ, ਅਤੇ ਇਹ ਯਕੀਨੀ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ ਕਿ ਲਾਈਨ ਵਿੱਚ ਆਖਰੀ ਵਿਅਕਤੀ ਨੂੰ ਲਾਭ ਮਿਲੇ। ਉਨ੍ਹਾਂ ਕਿਹਾ ਕਿ ਜਨਤਕ ਫੰਡਾਂ ਦੀ ਵਰਤੋਂ ਸਮਝਦਾਰੀ ਨਾਲ ਕੀਤੀ ਜਾ ਰਹੀ ਹੈ ਅਤੇ ਕਰਨਾਲ ਸਾਫ਼ ਅਤੇ ਸੁੰਦਰ ਬਣਿਆ ਰਹੇ। ਉਨ੍ਹਾਂ ਨੇ ਵਿਕਾਸ ਪ੍ਰੋਜੈਕਟਾਂ ਵਿੱਚ ਕਰਨਾਲ ਨੂੰ ਪਹਿਲੇ ਸਥਾਨ 'ਤੇ ਰੱਖਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਜਨਤਾ ਨੇ ਉਨ੍ਹਾਂ ਨੂੰ ਇੱਕ ਜਨਤਕ ਸੇਵਕ ਵਜੋਂ ਚੁਣਿਆ ਹੈ, ਅਤੇ ਇਸ ਲਈ, ਉਹ ਜਨਤਾ ਪ੍ਰਤੀ ਜਵਾਬਦੇਹ ਹਨ। ਜਨਤਾ ਦੇ ਵਿਸ਼ਵਾਸ ਨਾਲ, ਰਾਜ ਵਿੱਚ ਤੀਜੀ ਵਾਰ ਭਾਜਪਾ ਸਰਕਾਰ ਬਣੀ ਹੈ, ਅਤੇ ਰਾਜ ਵਿੱਚ ਇਸ ਸਮੇਂ ਇੱਕ ਟ੍ਰਿਪਲ-ਇੰਜਣ ਸਰਕਾਰ ਕੰਮ ਕਰ ਰਹੀ ਹੈ। ÷ਸਬਕਾ ਸਾਥ, ਸਬਕਾ ਵਿਕਾਸ÷ ਅਤੇ ÷ਸਬਕਾ ਵਿਸ਼ਵਾਸ÷ ਦੇ ਸਿਧਾਂਤ ਲਾਗੂ ਕੀਤੇ ਜਾ ਰਹੇ ਹਨ। ਸ਼ਹਿਰ ਵਿੱਚ ਚੱਲ ਰਹੇ ਕਿਸੇ ਵੀ ਵਿਕਾਸ ਪ੍ਰੋਜੈਕਟ ਨਾਲ ਸਬੰਧਤ ਇੱਕ ਬੋਰਡ ਲਗਾਇਆ ਗਿਆ ਹੈ। ਇਹ ਬੋਰਡ ਅਧਿਕਾਰਤ ਅੰਕੜਿਆਂ ਦੇ ਨਾਲ ਵਿਕਾਸ ਨਾਲ ਸਬੰਧਤ ਸਾਰੀ ਜਾਣਕਾਰੀ ਪ੍ਰਦਰਸ਼ਿਤ ਕਰਦਾ ਹੈ, ਤਾਂ ਜੋ ਜਨਤਾ ਜਾਣ ਸਕੇ ਕਿ ਕਿਹੜਾ ਵਿਕਾਸ ਪ੍ਰੋਜੈਕਟ ਚੱਲ ਰਿਹਾ ਹੈ ਅਤੇ ਇਸਦੀ ਲਾਗਤ। ਵਿਧਾਇਕ ਨੇ ਇਹ ਵੀ ਕਿਹਾ ਕਿ ਜੇਕਰ ਜਨਤਾ ਨੂੰ ਕੋਈ ਚਿੰਤਾ ਹੈ ਜਾਂ ਉਹ ਪ੍ਰਗਤੀ ਤੋਂ ਅਸੰਤੁਸ਼ਟ ਹਨ, ਤਾਂ ਉਹ ਬੋਰਡ 'ਤੇ ਸੂਚੀਬੱਧ ਅਧਿਕਾਰੀ ਦੇ ਨੰਬਰ 'ਤੇ ਕਾਲ ਕਰ ਸਕਦੇ ਹਨ ਜਾਂ ਸਬੰਧਤ ਕੌਂਸਲਰ ਨੂੰ ਸੂਚਿਤ ਕਰ ਸਕਦੇ ਹਨ।

ਨਗਰ ਨਿਗਮ ਦੀ ਮੇਅਰ ਰੇਣੂ ਬਾਲਾ ਗੁਪਤਾ ਨੇ ਕਿਹਾ ਕਿ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਰਨਾਲ ਦਾ ਵਿਕਾਸ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਕੇਂਦਰੀ ਮੰਤਰੀ ਮਨੋਹਰ ਲਾਲ ਦੀ ਯੋਗ ਅਗਵਾਈ ਹੇਠ ਅਤੇ ਵਿਧਾਇਕ ਜਗਮੋਹਨ ਆਨੰਦ ਦੇ ਸਹਿਯੋਗ ਨਾਲ, ਵਿਕਾਸ ਪ੍ਰੋਜੈਕਟ ਲਗਾਤਾਰ ਚਲਾਏ ਜਾ ਰਹੇ ਹਨ, ਜਿਸ ਨਾਲ ਜਨਤਾ ਨੂੰ ਲਾਭ ਹੋ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹਰੇਕ ਵਿਕਾਸ ਪ੍ਰੋਜੈਕਟ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਉੱਚ ਗੁਣਵੱਤਾ ਵਾਲਾ ਹੋਣਾ ਚਾਹੀਦਾ ਹੈ, ਤਾਂ ਜੋ ਸ਼ਹਿਰ ਵਾਸੀ ਆਉਣ ਵਾਲੇ ਸਾਲਾਂ ਤੱਕ ਉਨ੍ਹਾਂ ਤੋਂ ਲਾਭ ਉਠਾ ਸਕਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਨਤਾ ਨੂੰ ਸਾਰੇ ਵਿਕਾਸ ਪ੍ਰੋਜੈਕਟਾਂ ਤੋਂ ਜਾਣੂ ਹੋਣਾ ਚਾਹੀਦਾ ਹੈ। ਇਸ ਲਈ, ਹਰੇਕ ਵਿਕਾਸ ਸਥਾਨ 'ਤੇ ਸਬੰਧਤ ਜਾਣਕਾਰੀ ਵਾਲਾ ਇੱਕ ਬੋਰਡ ਲਗਾਇਆ ਗਿਆ ਹੈ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਕਾਰਜਾਂ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਨੂੰ ਮਿਲਣ ਵਾਲੀਆਂ ਕਿਸੇ ਵੀ ਕਮੀਆਂ ਦੀ ਤੁਰੰਤ ਰਿਪੋਰਟ ਕਰਨ ਤਾਂ ਜੋ ਉਨ੍ਹਾਂ ਨੂੰ ਸਮੇਂ ਸਿਰ ਸੁਧਾਰਿਆ ਜਾ ਸਕੇ। ਇਸ ਮੌਕੇ 'ਤੇ ਵਾਰਡ 10 ਦੇ ਸਾਬਕਾ ਕੌਂਸਲਰ ਵੀਰ ਵਿਕਰਮ ਕੁਮਾਰ, ਨਿਸ਼ਾਂਤ ਸ਼ਾਨੂ ਸ਼ਰਮਾ, ਪਾਇਲ ਅਰੋੜਾ, ਸ਼੍ਰੀ ਰਾਮ ਵਾਟਿਕਾ ਕਲਿਆਣ ਸੰਘ ਦੇ ਪ੍ਰਧਾਨ ਜਤਿੰਦਰ ਸਿੰਗਲਾ, ਜਨਰਲ ਸਕੱਤਰ ਦੀਪਕ ਗੁਪਤਾ, ਅਤੇ ਖਜ਼ਾਨਚੀ ਰਾਮ ਨਿਵਾਸ ਗਰਗ ਸਮੇਤ ਕਈ ਪਤਵੰਤੇ ਮੌਜੂਦ ਸਨ।

ਇਨ੍ਹਾਂ ਵਿਕਾਸ ਕਾਰਜਾਂ ਦਾ ਉਦਘਾਟਨ ਅਤੇ ਸਮਰਪਿਤ ਕੀਤਾ ਗਿਆ: 1. ਸੈਕਟਰ 13 ਵਿੱਚ ਇੰਟਰਲਾਕਿੰਗ ਪੇਵਰ ਬਲਾਕ ਗਲੀਆਂ ਅਤੇ ਵਾਰਡ ਨੰਬਰ 10 ਦੇ ਸੈਕਟਰ 13 ਐਕਸਟੈਂਸ਼ਨ ਦੀ ਮੁਰੰਮਤ ਕੀਤੀ ਜਾਵੇਗੀ।

# ਤੁਲਸੀ ਵਾਲੀ ਚਾਹ ਪੀਣ ਦੇ ਫਾਇਦੇ




ਵਜ਼ਨ ਘਟਾਉਣਾ ਹਰ ਕਿਸੇ ਲਈ ਅਕਾਊ ਕੰਮ ਹੁੰਦਾ ਹੈ। ਸਰੀਰ ਦੀ ਜਚਿਰਬੀ ਨੂੰ ਖ਼ਤਮ ਕਰਨ ਲਈ ਪਹਾੜ ਤੋੜਨ ਬਰਾਬਰ ਹੁੰਦਾ ਹੈ। ਸਰੀਰਕ ਚਰਬੀ ਤੋਂ ਛੁਟਕਾਰਾ ਪਾਉਣ ਲਈ ਲੋਕ ਕੀਟੋ ਡਾਈਟ, ਹਾਈ ਪ੍ਰੋਟੀਨ ਡਾਈਟ, ਲੋਅ ਕਾਰਬ ਡਾਈਟ ਤੇ ਨਾ ਜਾਣੇ ਕੀ-ਕੀ ਫਾਲੋ ਕਰਦੇ ਹਨ ਪਰ ਉਮੀਦ ਅਨੁਸਾਰ ਨਤੀਜੇ ਨਹੀਂ ਮਿਲਦੇ। ਮਾਹਿਰਾਂ ਦੀ ਮੰਨੀਏ ਤਾਂ ਵਜ਼ਨ ਘਟਾਉਣਾ ਜਾਦੂ ਜਾਂ ਚਮਤਕਾਰ ਨਹੀਂ ਹੈ ਜਿਸ ਦਾ ਨਤੀਜਾ ਤੁਰੰਤ ਮਿਲ ਜਾਵੇ। ਇਸ ਲਈ ਤੁਹਾਨੂੰ ਨਿਯਮਤ ਰੂਪ 'ਚ ਕੰਮ ਕਰਨਾ ਪੈਂਦਾ ਹੈ। ਵਜ਼ਨ ਘਟਾਉਣ, ਤੁਹਾਡੇ ਨਿਯਮਤ ਰੂਪ 'ਚ ਐਕਸਰਸਾਈਜ਼-ਯੋਗ ਨਾਲ ਸੰਤੁਲਿਤ ਖ਼ੁਰਾਕ ਤੇ ਡੇਲੀ ਰੂਟੀਨ ਦੀਆਂ ਚੰਗੀਆਂ ਆਦਤਾਂ 'ਤੇ ਨਿਰਭਰ ਕਰਦਾ ਹੈ। ਇਸ ਨੂੰ ਕੁਝ ਔਸ਼ਧੀ ਗੁਣਾਂ ਲਈ ਜਾਣਿਆ ਜਾਂਦਾ ਹੈ। ਤੁਲਸੀ ਉਨ੍ਹਾਂ ਵਿਚੋਂ ਇਕ ਹੈ, ਜੋ ਆਪਣੇ ਔਸ਼ਧੀ ਗੁਣਾਂ ਲਈ ਜਾਣੀ ਜਾਂਦੀ ਹੈ। ਪਵਿੱਤਰ ਤੁਲਸੀ ਰਵਾਇਤੀ ਰੂਪ 'ਚ ਵੱਖ-ਵੱਖ ਹਾਲਾਤ ਦੇ ਪ੍ਰਬੰਧਨ ਲਈ ਆਯੁਰਵੈਦਿਕ ਔਸ਼ਧੀ ਦੇ ਰੂਪ 'ਚ ਵਰਤੀ ਜਾਣ ਵਾਲੀ ਇਕ ਪ੍ਰਾਚੀਨ ਜੜ੍ਹੀ-ਬੂਟੀ ਹੈ। ਜ਼ੁਕਾਮ ਤੇ ਖਾਂਸੀ ਦੂਰ ਕਰਨ ਤੋਂ ਇਲਾਵਾ ਤੁਲਸੀ ਦੇ ਪੱਤੇ ਵਜ਼ਨ ਘਟਾਉਣ ਲਈ ਇਕ ਬਿਹਤਰੀਨ ਕੁਦਰਤੀ ਇਲਾਜ ਹੈ।

ਇਸ ਔਸ਼ਧੀ ਬੂਟੇ ਦੀਆਂ ਪੱਤੀਆਂ ਤੁਹਾਡਾ ਮੈਟਾਬੌਲਿਜ਼ਮ ਵਧਾਉਣ 'ਚ ਮਦਦ ਕਰ ਸਕਦੀਆਂ ਹਨ। ਅਸਲ ਵਿਚ, ਤੁਹਾਡਾ ਮੈਟਾਬੌਲਿਜ਼ਮ ਜਿੰਨਾ ਤੇਜ਼ ਹੋਵੇਗਾ, ਓਨੀ ਹੀ ਜਕੈਲਰੀ ਬਰਨ ਹੋਵੇਗੀ। ਤੁਹਾਡੀ ਦੈਨਿਕ ਖ਼ੁਰਾਕ 'ਚ ਤੁਲਸੀ ਨੂੰ ਸ਼ਾਮਲ ਕਰਨ ਨਾਲ ਤੁਹਾਡੇ ਸਰੀਰ ਤੋਂ ਜ਼ਹਿਰੀਲੇ ਪਦਾਰਥਾਂ ਨੂੰ ਕੱਢਣ ਤੇ ਪੋਸ਼ਕ ਤੱਤਾਂ ਨੂੰ ਸੋਖਣ 'ਚ ਮਦਦ ਮਿਲਦੀ ਹੈ। ਇਸ ਤੋਂ ਇਲਾਵਾ ਪਵਿੱਤਰ ਤੁਲਸੀ ਨਾ ਸਿਰਫ਼ ਕੈਲਰੀ ਬਰਨ ਕਰਦੀ ਬਲਕਿ ਲੋੜੀਂਦੇ ਪੋਸ਼ਕ ਤੱਤਾਂ ਦੇ ਮਾਮਲੇ 'ਚ ਸਰਬੋਤਮ ਹੈ।

ਆਪਣੀ ਰੋਜ਼ਾਨਾ ਦੀ ਖ਼ੁਰਾਕ 'ਚ ਤੁਲਸੀ ਦੇ ਪੱਤਿਆਂ ਨੂੰ ਸ਼ਾਮਲ ਕਰਨ ਦਾ ਸਭ ਤੋਂ ਆਸਾਨ ਤਰੀਕਾ ਇਹੀ ਹੈ ਕਿ ਉਨ੍ਹਾਂ ਨੂੰ ਰਾਤ ਭਰ ਪਾਣੀ 'ਚ ਭਿਓਂ ਕੇ ਰੱਖ ਦਿਉ ਤੇ ਸਵੇਰੇ ਸਭ ਤੋਂ ਪਹਿਲਾਂ ਇਸ ਨੂੰ ਪੀਓ। ਤੁਸੀਂ ਇਸ ਵਿਚ ਪੂਤਨੇ ਦੀਆਂ ਪੱਤੀਆਂ ਤੇ ਨਿੰਬੂ ਦਾ ਰਸ ਵੀ ਮਿਲਾ ਸਕਦੇ ਹੋ। ਹਾਲਾਂਕਿ, ਬਹੁਤ ਸਾਰੇ ਲੋਕ ਇਸ ਦੇ ਕੁਸੈਲੇ ਸਵਾਦ ਦੇ ਸ਼ੌਕੀਨ ਨਹੀਂ ਹੋ, ਇਸ ਲਈ ਇੱਥੇ ਅਸੀਂ ਤੁਹਾਨੂੰ ਇਕ ਹੋਰ ਬਦਲ ਦੇ ਰਹੇ ਹਾਂ।

ਤੁਲਸੀ ਨੂੰ ਜੜ੍ਹੀ-ਬੂਟੀਆਂ 'ਚ ਸਰਬੋਤਮ ਮੰਨਿਆ ਜਾਂਦਾ ਹੈ। ਜੇਕਰ ਤੁਹਾਨੂੰ ਤੁਲਸੀ ਦੀਆਂ ਕੱਚੀਆਂ ਪੱਤੀਆਂ ਦਾ ਸਵਾਦ ਪਸੰਦ ਨਹੀਂ ਹੈ ਤਾਂ ਵਜ਼ਨ ਘਟਾਉਣ ਲਈ ਤੁਲਸੀ ਦੀ ਚਾਹ ਬਣਾ ਕੇ ਪੀ ਸਕਦੇ ਹੋ।

ਸਮੱਗਰੀ : 4-5 ਤੁਲਸੀ ਦੇ ਪੱਤੇ, 2. 1 ਕੱਪ ਪਾਣੀ ਵਜ਼ਨ ਘਟਾਉਣ ਲਈ ਤੁਲਸੀ ਦੀ ਚਾਹ ਕਿਵੇਂ ਬਣਾਈਏ : 1. ਘੱਟੋ-ਘੱਟ ਇਕ ਮਿੰਟ ਲਈ ਉੱਬਲਦੇ ਪਾਣੀ 'ਚ ਪਵਿੱਤਰ ਤੁਲਸੀ ਦੇ ਪੱਤੇ ਪਾਓ। 2. ਚਾਹ ਨੂੰ ਇਕ ਕੱਪ 'ਚ ਛਾਣ ਲਓ। 3. ਇਸ ਤੋਂ ਬਾਅਦ ਸ਼ਹਿਦ ਪਾਓ। ਬਿਹਤਰ ਨਤੀਜੇ ਲਈ ਤੁਸੀਂ ਇਸ ਚਾਹ ਨੂੰ ਦਿਨ ਵਿਚ ਦੋ ਵਾਰ ਪੀ ਸਕਦੇ ਹੋ।

# ਸਿਹਤ ਦਾ ਖਜ਼ਾਨਾ ਐ ਅਜਵਾਇਣ



ਅਜਵਾਇਣ ਇਕ ਅਜਿਹਾ ਮਸਾਲਾ ਹੈ ਜੋ ਲਗਭਗ ਹਰ ਭਾਰਤੀ ਰਸੋਈ ਘਰ 'ਚ ਮੌਜੂਦ ਹੀ ਹੁੰਦਾ ਹੈ ਪਰ ਆਮ ਤੌਰ 'ਤੇ ਅਣਗੌਲਿਆ ਰਹਿ ਜਾਂਦਾ ਹੈ। ਹਾਲਾਂਕਿ ਜਿਸ ਨੂੰ ਬਚਪਨ 'ਚ ਖਾਧੇ ਅਜਵਾਇਨ ਦੇ ਪਰਾਂਠਿਆਂ ਦੀ ਯਾਦ ਹੋਵੇ, ਉਹ ਭਲਾ ਅਜਵਾਇਣ ਨੂੰ ਕਿਵੇਂ ਭੁਲਾ ਸਕਦਾ ਹੈ? ਪਰਾਂਠੇ ਹੀ ਕਿਉਂ, ਸਮੋਸਿਆਂ ਦੇ ਲਿਫ਼ਾਫੇ 'ਚ ਵੀ ਅਜਵਾਇਣ ਦੇ ਛਿੱਟੇ ਉਸ ਦੇ ਸਵਾਦ ਦਾ ਆਨੰਦ ਦੁੱਗਣਾ ਕਰ ਦਿੰਦੇ ਹਨ। ਭਰਵੀਆਂ ਸਬਜ਼ੀਆਂ ਦੇ ਮਿਸ਼ਰਨ 'ਚ ਅਜਵਾਇਨ ਦੀ ਭੂਮਿਕਾ ਰਹਿੰਦੀ ਹੈ ਤੇ ਕੁਝ ਪਕਾਨ ਅਜਿਹੇ ਹਨ ਜਿਨ੍ਹਾਂ ਦੀ ਜਾਨ ਹੀ ਅਜਵਾਇਣ ਹੈ। ਇਨ੍ਹਾਂ ਵਿਚ ਅਜਵਾਇਨੀ ਸੁੱਕੀ ਦੱਬੀ ਅਰਬੀ ਸਭ ਤੋਂ ਖਾਸ ਹੈ। ਮੱਛੀ ਖਾਣ ਵਾਲੇ ਹੀ ਇਸ ਦਾ ਮਹੱਤਵ ਸਮਝਦੇ ਹਨ ਜਿਸ ਵਿਚ ਤਰੀ ਵਾਲੀ ਮੱਛੀ ਜਾਂ ਮੱਛੀ ਦੇ ਅਜਵਾਇਨੀ ਟਿੱਕੇ ਬੇਹੱਦ ਮਸ਼ਹੂਰ ਹਨ। ਅੰਗਰੇਜ਼ੀ 'ਚ ਅਜਵਾਇਨ ਦਾ ਨਾਂ ਕੈਰਮ ਸੀਡ ਤੇ ਕੈਰਵੇ ਸੀਡ ਹੈ। ਬਨਸਪਤੀ ਸ਼ਾਸਤਰੀਆਂ ਅਨੁਸਾਰ, ਇਸ ਦਾ ਜਨਮ ਫਾਰਸ ਤੇ ਗੁਆਂਢੀ ਮੱਧ ਏਸ਼ਿਆਈ ਭੂ-ਖੰਡ 'ਚ ਹੋਇਆ, ਉੱਥੇ ਹੀ ਇਹ ਉੱਤਰੀ ਯੂਰਪ ਤੇ ਹੋਰ ਥਾਂ ਫੈਲਿਆ। ਖੁਦਾਈ 'ਚ ਮਿਲੇ ਅਵਸ਼ੇਸ਼ਾਂ ਤੋਂ ਇਹ ਪਤਾ ਚੱਲਦਾ ਹੈ ਕਿ ਅਜਵਾਇਨ ਨਾਲ ਸਾਡੇ ਪੁਰਖੇ ਈਸਾ ਦੇ ਜਨਮ ਤੋਂ ਕਈ ਸਦੀਆਂ ਪਹਿਲਾਂ ਜਾਣੂ ਸਨ। ਇਹ ਬੀਜ ਪ੍ਰਾਗੈਤਿਹਾਸਕ ਕਾਲ ਦੇ ਅਵਸ਼ੇਸ਼ਾਂ 'ਚ ਮਿਲਿਆ ਹੈ ਤੇ ਪਲਿਨੀ ਵਰਗੇ ਇਤਿਹਾਸਕਾਰਾਂ ਦੇ ਲੇਖਾਂ ਤੋਂ ਪਤਾ ਚੱਲਦਾ ਹੈ ਕਿ ਰੋਮਨ ਇਸ ਦੀਆਂ ਜੜ੍ਹਾਂ ਦੀ ਵਰਤੋਂ ਸਬਜ਼ੀ ਦੇ ਰੂਪ 'ਚ ਵੀ ਕਰਦੇ ਸਨ।

ਸਕੈਂਡਿਨੀਵਿਆਈ ਦੇਸ਼ਾਂ 'ਚ ਇਸ ਦਾ ਇਸਤੇਮਾਲ ਪ੍ਰਮੁੱਖ ਮਸਾਲੇ ਦੇ ਰੂਪ 'ਚ ਹੁੰਦਾ ਹੈ, ਚਾਹੇ ਉਹ ਬੰਦਗੋਭੀ ਦੀਆਂ ਪੱਤੀਆਂ ਦਾ ਚਟਪਟਾ ਸਲਾਦ ਹੋਵੇ ਜਾਂ ਗੌੜਾ ਤੇ ਮੂਨਸਟਰ ਵਰਗੇ ਸਖ਼ਤ ਪਨੀਰ ਦੀਆਂ ਭੇਲੀਆਂ, ਇਨ੍ਹਾਂ ਵਿਚ ਨਵੇਂ ਜਾਨ ਛਿੜਕਦੀ ਹੈ ਅਜਵਾਇਨ। ਸਲਾਦ ਤੇ ਸੂਪ 'ਚ ਹੀ ਨਹੀਂ, ਡਬਲ ਰੋਟੀਆਂ ਤੇ ਕੇਕ-ਪੇਸਟਰੀ 'ਚ ਵੀ ਇਸ ਦਾ ਇਸਤੇਮਾਲ ਜ਼ਰੂਰੀ ਮੰਨਿਆ ਜਾਂਦਾ ਹੈ। ਭੂ-ਮੱਧ ਸਾਗਰੀ ਖ਼ਾਣ-ਪੀਣ 'ਚ ਅਜਵਾਇਨ ਨਮਕੀਨ ਤੇ ਮਿੱਠੇ ਪਕਾਨਾਂ 'ਚ ਸਮਾਨ ਰੂਪ 'ਚ ਉਪਯੋਗੀ ਸਮਝਿਆ ਜਾਂਦਾ ਹੈ। ਪੱਛਮੀ ਯੂਰਪ ਦੇ ਹੋਰ ਦੇਸ਼ਾਂ 'ਚ ਇਹ ਖਾਸ ਤੌਰ 'ਤੇ ਬੇਕਰੀ ਦੀਆਂ ਚੀਜ਼ਾਂ 'ਚ ਕੰਮ 'ਚ ਲਿਆਂਦਾ ਜਾਂਦਾ ਹੈ। ਪੱਛਮ 'ਚ ਕਿਤੇ-ਕਿਤੇ ਇਸ ਨੂੰ ਸੌਂਫ ਤੇ ਕਿਤੇ-ਕਿਤੇ ਇਸ ਨੂੰ ਨਾਂ ਦਿੱਤਾ ਗਿਆ ਹੈ ਚਰਗਾਹਾਂ ਦਾ ਜ਼ੀਰਾ। ਸ਼ਾਇਦ ਇਸ ਕਾਰਨ ਜਦੋਂ ਯੂਰਪ ਲਈ ਅਸਲੀ ਜ਼ੀਰਾ ਦੁਰਲੱਭ ਸੀ ਤੇ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਸੀ ਉਦੋਂ ਅਜਵਾਇਨ ਨੂੰ ਹੀ ਜ਼ੀਰੇ ਦੇ ਨਾਂ ਤੋਂ ਖਰੀਦਿਆ-ਵੇਚਿਆ ਜਾਂਦਾ ਸੀ। ਅਜਵਾਇਨ ਦੀ ਗੁਣਵੱਤਾ ਪੀੜ੍ਹੀ-ਦਰ-ਪੀੜ੍ਹੀ ਵਰਤੀ ਗਈ ਹੈ। ਇਸ ਨੂੰ ਪਾਚਕ ਸਮਝਿਆ ਜਾਂਦਾ ਹੈ ਜੋ ਅਜੀਰਣ ਤੇ ਹਵਾ ਦਾ ਵਿਕਾਰ ਦੂਰ ਕਰਦਾ ਹੈ। ਇਸ ਛੋਟੇ ਜਿਹੇ ਬੀਜ ਨੂੰ ਸਿਹਤ ਦਾ ਖਜ਼ਾਨਾ ਕਹਿਣਾ ਗ਼ਲਤ ਨਹੀਂ ਹੋਵੇਗਾ। ਬੱਚਿਆਂ ਦੀ ਘੁੱਟੀ 'ਚ ਵੀ ਇਸ ਦਾ ਇਸਤੇਮਾਲ ਹੁੰਦਾ ਹੈ ਤੇ ਖੰਘ ਦੂਰ ਕਰਨ ਵਾਲੀਆਂ ਸ਼ਰਬਤੀ ਅੰਗਰੇਜ਼ੀ ਦਵਾਈਆਂ 'ਚ ਥਾਈਮੋਲ ਨਾਂ ਦਾ ਤੱਤ ਅਜਵਾਇਣ ਤੋਂ ਹੀ ਹਾਸਲ ਹੁੰਦਾ ਹੈ।

# ਬਵਾਸੀਰ ਤੋਂ ਨਿਜਾਤ ਚਾਹੁੰਦੇ ਹੋ ਤਾਂ ਖਾਓ ਕੇਲੇ





ਖਾਣ-ਪੀਣ ਦੀ ਆਦਤ, ਪਾਣੀ ਘੱਟ ਪੀਣਾ ਅਤੇ ਭੋਜਨ 'ਚ ਫਾਈਬਰ ਦੀ ਘਾਟ ਕਾਰਨ ਕਬਜ਼ ਦੀ ਬਿਮਾਰੀ ਤੇਜ਼ੀ ਨਾਲ ਵੱਧਦੀ ਜਾ ਰਹੀ ਹੈ ਅਤੇ ਵੱਡੀ ਗਿਣਤੀ 'ਚ ਲੋਕਾਂ ਨੂੰ ਆਪਣੀ ਲਪੇਟ 'ਚ ਲੈ ਰਹੀ ਹੈ। ਜੇਕਰ ਸਮਾਂ ਰਹਿੰਦੇ ਕਬਜ਼ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਬਵਾਸੀਰ ਦਾ ਰੂਪ ਲੈ ਸਕਦੀ ਹੈ। ਬਵਾਸੀਰ ਇਕ ਗੰਭੀਰ ਬਿਮਾਰੀ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਕੇਲੇ ਦੀ ਵਰਤੋਂ ਕਰ ਸਕਦੇ ਹੋ। ਕੇਲਾ ਬਵਾਸੀਰ ਦੀ ਬਿਮਾਰੀ ਤੋਂ ਨਿਜਾਤ ਦਿਵਾਉਣ 'ਚ ਬੇਹੱਦ ਫਾਇਦੇਮੰਦ ਹੁੰਦਾ ਹੈ। ਬਵਾਸੀਰ ਦੇ ਇਲਾਜ ਲਈ ਘਰੇਲੂ ਨੁਸਖੇ ਦਾ ਕੰਮ ਕਰਦਾ ਹੈ ਕੇਲਾ - ਪੱਕਿਆ ਹੋਇਆ ਕੇਲਾ ਬਵਾਸੀਰ ਦੀ ਸਮੱਸਿਆ ਨੂੰ ਦੂਰ ਕਰਨ 'ਚ ਘਰੇਲੂ ਨੁਸਖੇ ਦਾ ਕੰਮ ਕਰਦਾ ਹੈ। ਕਾਰਬੋਹਾਈਡ੍ਰੇਟਸ ਨਾਲ ਭਰਪੂਰ ਕੇਲਾ ਬਵਾਸੀਰ ਦੇ ਮਰੀਜ਼ਾਂ ਲਈ ਦਵਾਈ ਦੇ ਰੂਪ 'ਚ ਕੰਮ ਕਰਦਾ ਹੈ। ਬਵਾਸੀਰ ਦੇ ਮਰੀਜ਼ਾਂ ਨੂੰ ਰੋਜ਼ਾਨਾ ਇਕ ਕੇਲੇ ਦੀ ਵਰਤੋਂ ਕਰਨੀ ਚਾਹੀਦੀ ਹੈ। ਦਰਦ ਅਤੇ ਸੜਨ ਦੂਰ ਕਰਦਾ ਹੈ ਕੇਲਾ - ਬਵਾਸੀਰ ਕਾਰਨ ਦਰਦ ਅਤੇ ਸੜਨ ਮਹਿਸੂਸ ਹੋਣ ਲੱਗ ਜਾਂਦੀ ਹੈ। ਕੇਲੇ ਦਾ ਫਲ ਦਰਦ ਅਤੇ ਸੜਨ ਨੂੰ ਦੂਰ 'ਚ ਬੇਹੱਦ ਮਦਦਗਾਰ ਸਾਬਤ ਹੁੰਦਾ ਹੈ। ਲਾਈਫ ਸਟਾਈਲ 'ਚ ਬਦਲਾਅ ਕਾਰਨ ਵੀ ਦੂਰ ਹੋਵੇਗੀ ਬਵਾਸੀਰ - ਦੂਜੀਆਂ ਬੀਮਾਰੀਆਂ ਦੇ ਵਾਂਗ ਬਵਾਸੀਰ ਦੀ ਬੀਮਾਰੀ ਨੂੰ ਵੀ ਤੁਸੀਂ ਆਪਣੀ ਡਾਈਟ 'ਚ ਬਦਲਾਅ ਕਰਕੇ ਦੂਰ ਕਰ ਸਕਦੇ ਹੋ। ਫਾਈਬਰ ਨਾਲ ਭਰਪੂਰ ਭੋਜਨ ਦਾ ਸੇਵਨ ਕਰੋ। ਇਸ ਤੋਂ ਇਲਾਵਾ ਜ਼ਿਆਦਾ ਪਾਣੀ ਨਾਲ ਲਿਕਵਿਡ ਡਾਈਟ ਦਾ ਸੇਵਨ ਕਰੋ ਤਾਂਕਿ ਸਰੀਰ ਹਾਈਡ੍ਰੇਟੇਡ ਰਹੇ। ਇਸ ਤੋਂ ਇਲਾਵਾ ਹੈਲਦੀ ਕਸਰਤ ਅਤੇ ਨੀਂਦ ਵੀ ਬਵਾਸੀਰ ਦੇ ਇਲਾਜ 'ਚ ਮਦਦਗਾਰ ਸਾਬਤ ਹੋ ਸਕਦੀ ਹੈ। ਇਨ੍ਹਾਂ ਦੇ ਨਾਲ-ਨਾਲ ਕੇਲੇ ਦਾ ਫਲ ਦਾ ਜ਼ਰੂਰ ਸੇਵਨ ਕਰਨਾ ਚਾਹੀਦਾ ਹੈ। ਖ਼ੂਨ ਦੀ ਕਮੀ ਨੂੰ ਕਰੇ ਦੂਰ - ਆਇਰਨ ਅਤੇ ਡਾਇਟਰੀ ਫਾਈਬਰ ਨਾਲ ਭਰਪੂਰ ਕੇਲਾ ਖਾਣ ਨਾਲ ਸਰੀਰ 'ਚ ਖ਼ੂਨ ਦੀ ਕਮੀ ਪੂਰੀ ਹੁੰਦੀ ਹੈ। ਇਸ ਨਾਲ ਬਲੱਡ ਹੀਮੋਗਲੋਬਿਨ ਦਾ ਪੱਧਰ ਵੀ ਵੱਧਦਾ ਹੈ। ਤਣਾਅ ਨੂੰ ਕਰੇ ਦੂਰ - ਕੇਲੇ 'ਚ ਵਿਟਾਮਿਨ ਬੀ-6 ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ, ਜੋ ਤਣਾਅ ਨੂੰ ਘੱਟ ਕਰਨ 'ਚ ਮਦਦਗਾਰ ਸਾਬਤ ਹੁੰਦਾ ਹੈ।

# ਆਕਸੀਜਨ ਦਾ ਪੱਧਰ ਸਹੀ ਰੱਖਣ ਲਈ ਰੱਖੋ ਇਨ੍ਹਾਂ ਗੱਲਾਂ ਦਾ ਧਿਆਨ



ਆਕਸੀਜਨ ਤੋਂ ਬਿਨਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕੋਰੋਨਾ ਇਨਫੈਕਸ਼ਨ ਦੇ ਗੰਭੀਰ ਲੱਛਣਾਂ ਵਿਚੋਂ ਇਕ ਹੈ ਸਰੀਰ ਦਾ ਆਕਸੀਜਨ ਪੱਧਰ ਘੱਟ ਹੋਣਾ। ਇਸ ਲਈ, ਅਜੋਕੇ ਸਮੇਂ ਦੀ ਸਥਿਤੀ ਨੂੰ ਵੇਖਦਿਆਂ ਸਾਰੇ ਉਪਾਅ ਕਰੋ ਤਾਂ ਜੋ ਸਰੀਰ ਵਿਚ ਆਕਸੀਜਨ ਦਾ ਸਹੀ ਪੱਧਰ ਬਣਿਆ ਰਹੇ।

ਉਂਝ ਤਾਂ ਖ਼ੂਨ ਵਿਚ 95 ਤੋਂ 100 ਪ੍ਰਤੀਸ਼ਤ ਦੇ ਵਿਚ ਆਕਸੀਜਨ ਦਾ ਪੱਧਰ ਆਮ ਮੰਨਿਆ ਜਾਂਦਾ ਹੈ। 95 ਪ੍ਰਤੀਸ਼ਤ ਤੋਂ ਘੱਟ ਆਕਸੀਜਨ ਦਾ ਪੱਧਰ ਇਕ ਸਮੱਸਿਆ ਦਾ ਸੰਕੇਤ ਕਰਦਾ ਹੈ, ਪਰ ਜੇ ਪਲਸ ਆਕਸੀਮੀਟਰ ਵਿਚ ਆਕਸੀਜਨ ਦਾ ਪੱਧਰ 93 ਜਾਂ 90 ਤੋਂ ਘੱਟ ਦਿਖ ਰਿਹਾ ਹੈ, ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ। ਅਸਲ ਵਿਚ, ਸਰੀਰ 'ਚ ਆਕਸੀਜਨ ਦੀ ਘਾਟ ਇਮਿਊਨ ਸਿਸਟਮ ਨੂੰ ਪ੍ਰਭਾਵਤ ਕਰਦੀ ਹੈ, ਉਹ ਕਮਜ਼ੋਰ ਹੋ ਜਾਂਦਾ ਹੈ ਜਿਸ ਨਾਲ ਛੂਤ ਦੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਖ਼ੂਨ ਵਿਚ ਆਕਸੀਜਨ ਦੇ ਪੱਧਰ ਨੂੰ ਵਧਾਉਣ ਅਤੇ ਇਸ ਨੂੰ ਬਣਾਈ ਰੱਖਣ ਲਈ ਆਪਣੀ ਖੁਰਾਕ ਵਿਚ ਆਇਰਨ ਰਿਚ ਫੂਡਜ਼ ਨੂੰ ਸ਼ਾਮਲ ਕਰੋ ਜਿਵੇਂ ਹਰੀਆਂ ਪੱਤੇਦਾਰ ਸਬਜ਼ੀਆਂ ਖਾਸ ਕਰਕੇ ਪਾਲਕ, ਬੀਨਜ਼, ਦਾਲਾਂ, ਮੀਟ, ਪੋਲਟਰੀ, ਮੱਛੀ ਵਰਗੀਆਂ ਚੀਜ਼ਾਂ। ਇਹ ਸਰੀਰ ਵਿਚ ਆਇਰਨ ਦੀ ਘਾਟ ਨੂੰ ਪੂਰਾ ਕਰਦੇ ਹਨ, ਜੋ ਖ਼ੂਨ ਵਿਚ ਆਕਸੀਜਨ ਦੇ ਪੱਧਰ ਵਿਚ ਸੁਧਾਰ ਲਿਆਉਂਦਾ ਹੈ। ਕਸਰਤ ਨੂੰ ਸਿਹਤ ਲਈ ਹਮੇਸ਼ਾ ਮਹੱਤਵਪੂਰਣ ਮੰਨਿਆ ਜਾਂਦਾ ਰਿਹਾ ਹੈ, ਪਰ ਲੋਕਾਂ ਨੂੰ ਕੋਰੋਨਾ ਮਹਾਂਮਾਰੀ ਵਿਚ ਇਸ ਦੀ ਮਹੱਤਤਾ ਖ਼ਾਸ ਤੌਰ 'ਤੇ ਸਮਝ ਆਈ। ਇਸ ਲਈ ਜੇ ਤੁਸੀਂ ਖ਼ੂਨ ਵਿਚ ਆਕਸੀਜਨ ਦਾ ਪੱਧਰ ਵਧਾਉਣਾ ਚਾਹੁੰਦੇ ਹੋ, ਤਾਂ ਕਸਰਤ ਲਈ ਰੋਜ਼ਾਨਾ 25-30 ਮਿੰਟ ਲਓ। ਸਾਹ ਦੀ ਸਮਰੱਥਾ ਕਸਰਤ ਨਾਲ ਸੁਧਾਰੀ ਜਾ ਸਕਦੀ ਹੈ ਕਿਉਂਕਿ ਉਸ ਸਮੇਂ ਦੌਰਾਨ ਤੁਸੀਂ ਸਾਹ ਨੂੰ ਤੇਜ਼ ਰਫ਼ਤਾਰ ਨਾਲ ਲੈਂਦੇ ਅਤੇ ਛੱਡਦੇ ਹੋ, ਜਿਸ ਨਾਲ ਫੇਫੜੇ ਬਹੁਤ ਸਾਰੀ ਆਕਸੀਜਨ ਲੈਣ ਪਾਉਂਦੇ ਹਨ। ਸਰੀਰ ਵਿਚ ਆਕਸੀਜਨ ਦਾ ਪੱਧਰ ਵਧਾਉਣ ਲਈ ਤਰਲ ਦੀ ਮਾਤਰਾ, ਖ਼ਾਸਕਰ ਪਾਣੀ ਦੀ ਮਾਤਰਾ ਵਿਚ ਵਾਧਾ ਕਰੋ।

# ਅਧਰੰਗ ਦੇ ਕਾਰਨ ਅਤੇ ਰੋਗੀ ਦੀ ਸੰਭਾਲ





ਮਨਜੀਤ ਸਿੰਘ ਬੱਲ
83508-00237

ਅਧਰੰਗ ਦਾ ਮਤਲਬ ਹੈ ਸਰੀਰ ਦੇ ਇੱਕ ਪਾਸੇ ਦੇ ਪੱਠਿਆਂ ਜਾਂ ਮਾਸਪੇਸ਼ੀਆਂ ਦਾ ਕੰਮ ਨਾ ਕਰਨਾ। ਆਮ ਭਾਸ਼ਾ ਵਿੱਚ ਇਸ ਨੂੰ ਸਰੀਰ ਦਾ ਇੱਕ ਪਾਸਾ ਮਾਰਿਆ ਜਾਣਾ ਕਿਹਾ ਜਾਂਦਾ ਹੈ। ਸਰੀਰ ਦੇ ਅਜਿਹੇ ਹਿੱਸੇ ਵਿੱਚ

ਸੁਖਮਤਾ ਖ਼ਤਮ ਹੋਣ (ਸੈਂਸਰੀ ਲੌਸ) ਕਰਕੇ ਨਾ ਤਾਂ ਕੁਝ ਮਹਿਸੂਸ ਹੁੰਦਾ ਹੈ (ਜਿਵੇਂ ਚੁਭਨ, ਦਰਦ ਜਾਂ ਸਾੜ ਆਦਿ) ਤੇ ਨਾ ਹੀ ਪੱਠੇ ਕੰਮ ਕਰਦੇ ਹਨ; ਤਕਨੀਕੀ ਤੌਰ 'ਤੇ ਇਸ ਨੂੰ 'ਮੋਟਰ ਲੌਸ' ਕਿਹਾ ਜਾਂਦਾ ਹੈ।

ਕਾਰਨ: ਪਾਸਾ ਮਾਰੇ ਜਾਣ ਦਾ ਮੁੱਖ ਕਾਰਨ ਤਾਂ ਨਾੜੀ ਤੰਤਰ, ਖ਼ਾਸ ਕਰਕੇ ਸੁਖਮਣਾ ਨਾੜੀ ਦਾ ਨੁਕਸਾਨਿਆ ਜਾਣਾ ਹੀ ਹੁੰਦਾ ਹੈ। ਨਾੜੀ ਤੰਤਰ ਦੇ ਨੁਕਸਾਨੇ ਜਾਣ ਦੇ ਕੁਝ ਅਹਿਮ ਕਾਰਨ ਹਨ:

* ਦਿਮਾਗ ਦੀ ਨਾੜੀ ਫ਼ਟ ਜਾਣਾ
* ਸਿਰ ਜਾਂ ਰੀੜ੍ਹ ਦੀ ਹੱਡੀ ਦੀ ਸੱਟ
* ਦੁਰਘਟਨਾ ਜਾਂ ਲੜਾਈ ਝਗੜੇ ਵਿੱਚ ਨਾੜਾਂ ਕੱਟੀਆਂ ਜਾਣੀਆਂ
* ਪੋਲੀਓ ਵਰਗੇ ਰੋਗ ਨਾਲ ਨਾੜਾਂ ਨੁਕਸਾਨੀਆਂ ਜਾਣੀਆਂ
* ਦਿਮਾਗ ਦਾ ਪੈਰਾਲਾਇਸਿਸ (ਸੈਰੀਬਰਲ ਪਾਲਸੀ)
* ਬਜ਼ੁਰਗਾਂ ਵਿੱਚ ਹੋਣ ਵਾਲੀ ਪਾਰਕਿਨਸੋਨਿਜ਼ਮ ਬਿਮਾਰੀ

ਮੋਟਰ-ਨਿਊਰੋਨ ਰੋਗ: ਇਸ ਵਿੱਚ ਨਾੜੀਆਂ ਦੇ ਰੋਗ ਕਾਰਨ ਬੜੀ ਤੇਜ਼ੀ ਨਾਲ ਪੱਠੇ ਕਮਜ਼ੋਰ ਹੋ ਜਾਂਦੇ ਹਨ।

ਬੌਟੂਲਿਜ਼ਮ: ਇੱਕ ਕਿਸਮ ਦੇ ਬੈਕਟੀਰੀਆ (ਕਲੌਸਟ੍ਰੀਡੀਅਮ ਬੌਟੁਲਿਜ਼ਮ), ਦੀ ਇਨਫ਼ੈਕਸ਼ਨ ਦੇ ਜ਼ਹਿਰੀਲੇ ਪਦਾਰਥਾਂ ਨਾਲ ਲੱਤਾਂ-ਬਾਹਵਾਂ ਦੀਆਂ ਨਾੜੀਆਂ ਤੇ ਪੱਠਿਆਂ ਵਿੱਚ ਕਮਜ਼ੋਰੀ ਆ ਜਾਣੀ, ਜੋ ਘਾਤਕ ਵੀ ਹੋ ਸਕਦੀ ਹੈ।

ਸਪਾਇਨਾ ਬਾਇਫ਼ਿਡਾ: ਸਪਾਇਨ ਜਾਂ ਰੀੜ੍ਹ ਦੀ ਹੱਡੀ ਦਾ ਜਮਾਂਦਰੂ ਨੁਕਸ ਜਿਸ ਕਾਰਨ ਸੁਖਮਣਾ ਨਾੜੀ ਦਾ ਹੇਠਲਾ ਹਿੱਸਾ ਕੰਮ ਨਹੀਂ ਕਰਦਾ।

ਝੂਠਾ ਜਾਂ ਨਕਲੀ ਅਧਰੰਗ: ਕੁਝ ਕਾਰਨਾਂ ਜਾਂ ਸਮੱਸਿਆਵਾਂ ਕਰਕੇ ਜਦੋਂ ਕੋਈ ਵਿਅਕਤੀ ਅੰਗ ਨਹੀਂ ਹਿਲਾ ਸਕਦਾ ਤਾਂ ਉਸ ਸਥਿੱਤੀ ਨੂੰ ਝੂਠਾ ਅਧਰੰਗ ਕਿਹਾ ਜਾ ਸਕਦਾ ਹੈ। ਉਂਜ ਅਸਲ ਵਿੱਚ ਨਾੜੀਆਂ ਜਾਂ ਪੱਠਿਆਂ ਦਾ ਪੈਰਾਲਾਇਸਿਸ ਨਹੀਂ ਹੁੰਦਾ, ਜਿਵੇਂ:

* ਕਿਸੇ ਅੰਗ ਵਿੱਚ ਬਹੁਤ ਪੀੜ ਹੋ ਰਹੀ ਹੋਵੇ ਤਾਂ
* ਸੰਭੋਗ ਦੀ ਚਰਮ ਸੀਮਾ ਤੋਂ ਬਾਅਦ ਆਨੰਦ ਦੀ ਸਥਿਤੀ ਵਿੱਚ
* ਸ਼ਿਸ਼ੂਆਂ ਵਿੱਚ ਜਮਾਂਦਰੂ ਸੁਜਾਕ (ਸਿਫ਼ਲਿਸ)

ਡਾ. ਮਨਜੀਤ ਸਿੰਘ ਬੱਲ

ਡਾ. ਮਨਜੀਤ ਸਿੰਘ ਬੱਲ

ਪੈਰਾਲਾਇਸਿਸ ਦੀਆਂ ਨਿਸ਼ਾਨੀਆਂ ਤੇ ਲੱਛਣ: ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਪੈਰਾਲਾਇਸਿਸ ਕਿਨ੍ਹਾਂ ਕਾਰਨਾਂ ਕਰਕੇ ਤੇ ਸਰੀਰ ਦੇ ਕਿਹੜੇ ਹਿੱਸੇ ਵਿੱਚ ਹੋਇਆ ਹੈ। ਸੱਟ ਜਾਂ ਦਿਮਾਗ ਦੀ ਨਾੜੀ ਫ਼ਟਣ ਨਾਲ ਸਰੀਰ ਦੇ ਕਿਸੇ ਅੰਗ ਦੀ ਹਿਲਜੁਲ, ਇੱਕਦਮ ਬੰਦ ਹੋ ਜਾਂਦੀ/ ਸਕਦੀ ਹੈ ਜਾਂ ਫ਼ਿਰ ਹੌਲੀ ਹੌਲੀ ਕਮਜ਼ੋਰੀ ਹੁੰਦੀ ਹੈ ਤੇ ਇਹ ਕਮਜ਼ੋਰੀ ਵਧਦੀ ਜਾਂਦੀ ਹੈ। ਇਸ ਦੇ ਅਸਿੱਧੇ ਅਸਰ ਨਾਲ ਕੁਝ ਤਬਦੀਲੀਆਂ ਪੈਦਾ ਹੁੰਦੀਆਂ ਹਨ ਜਿਵੇਂ:

* ਖ਼ੂਨ ਦੇ ਦੌਰੇ ਤੇ ਸਾਹ ਵਿੱਚ
* ਗੁਰਦਿਆਂ ਤੇ ਅੰਤੜੀਆਂ ਵਿੱਚ
* ਹੱਡੀਆਂ, ਜੋੜਾਂ ਤੇ ਪੱਠਿਆਂ ਵਿੱਚ
* ਪੱਠਿਆਂ ਦਾ ਆਕੜ ਜਾਣਾ
* ਕੜੱਲਾਂ ਪੈਣੀਆਂ
* ਹਿਲਜੁੱਲ ਘਟਣ ਨਾਲ ਦਬਾਅ ਵਾਲੀ ਥਾਂ 'ਤੇ ਜ਼ਖ਼ਮ ਬਣ ਜਾਣਾ (ਪ੍ਰੈਸ਼ਰ ਸੋਰ)
* ਸੋਜ, ਲੱਤਾਂ ਦੀਆਂ ਨਾੜਾਂ ਅੰਦਰ ਖ਼ੂਨ ਜੰਮ ਜਾਣਾ
* ਅੰਗ ਪੀੜ ਕਰਨੇ ਤੇ ਸੁੰਨ ਰਹਿਣੇ
* ਚਮੜੀ 'ਤੇ ਸੱਟ
* ਬੈਕਟੀਰੀਆ ਦੀਆਂ ਇਨਫ਼ੈਕਸ਼ਨਾਂ
* ਕਬਜ਼
* ਪਿਸ਼ਾਬ ਦਾ ਕੰਟਰੋਲ ਖ਼ਤਮ ਹੋ ਜਾਣਾ
* ਸੰਭੋਗ ਸਮੱਸਿਆਵਾਂ
* ਸਰੀਰ ਦਾ ਸੰਤੁਲਣ ਵਿਗੜ ਜਾਣਾ
* ਸੁਭਾਅ ਵਿੱਚ ਤਬਦੀਲੀ, ਬੋਲਣ, ਆਵਾਜ਼ ਤੇ ਬੁਰਕੀ ਲੰਘਾਉਣ ਵਿੱਚ ਰੁਕਾਵਟ
* ਨਜ਼ਰ ਵਿੱਚ ਫ਼ਰਕ
* ਵਿੱਚਾਰਾਂ ਵਿੱਚ ਤਬਦੀਲੀਆਂ ਆਦਿ।

ਅਧਰੰਗ ਵਾਲੇ ਰੋਗੀਆਂ ਦਾ ਇਲਾਜ ਤੇ ਦੇਖ-ਭਾਲ: ਪੱਕੇ ਤੌਰ 'ਤੇ ਹੋਏ ਨੁਕਸਾਨ ਕਾਰਨ ਅੰਗ ਮਾਰੇ ਹੋਣ ਤਾਂ ਉਸ ਦਾ ਕੋਈ ਇਲਾਜ ਨਹੀਂ ਹੈ ਪਰ ਅਜਿਹੇ ਕੇਸਾਂ ਵਿੱਚ ਮੁੱਖ ਉਦੇਸ਼ ਇਹ ਹੁੰਦਾ ਹੈ ਕਿ ਰੋਗੀ ਨੂੰ ਇਸੇ ਤਰ੍ਹਾਂ ਦੀ ਜ਼ਿੰਦਗੀ ਬਿਤਾਉਣ ਲਈ ਸਿੱਖਿਅਤ ਕੀਤਾ ਜਾਵੇ, ਉਹ ਆਪਣੇ-ਆਪ ਨੂੰ ਉਸ ਸਥਿੱਤੀ ਅਨੁਸਾਰ ਢਾਲ ਲਵੇ ਤੇ ਰੋਜ਼-ਮੱਰਾ ਦੇ ਕਾਰਜਾਂ ਵਾਸਤੇ ਕਿਸੇ ਦੂਜੇ 'ਤੇ ਨਿਰਭਰ ਨਾ ਰਹੇ। ਇੱਕ ਹੋਰ ਉਦੇਸ਼ ਹੁੰਦਾ ਹੈ ਕਿ ਪਾਸਾ ਮਾਰੇ ਜਾਣ ਨਾਲ ਸਬੰਧਿਤ ਸਿਹਤ ਸਮੱਸਿਆਵਾਂ ਅਤੇ ਉਲਝਣਾਂ ਜੋ ਉਤਪੰਨ ਹੋ ਸਕਦੀਆਂ ਹਨ। ਇਨ੍ਹਾਂ ਤੋਂ ਬਚਾਅ ਕਰਨ ਦੇ ਤਰੀਕੇ ਅਪਨਾਉਣੇ ਚਾਹੀਦੇ ਹਨ, ਜਿਵੇਂ ਕਿਸੇ ਹੱਥ-ਬਾਂਹ ਜਾਂ ਲੱਤ-ਪੈਰ 'ਤੇ ਪ੍ਰੈਸ਼ਰ ਵਾਲੀ ਜਗ੍ਹਾ 'ਤੇ ਜ਼ਖ਼ਮ ਬਣ ਜਾਣੇ ਆਦਿ।

ਪੈਰਾਲਾਇਸਿਸ ਵਾਲੇ ਅਜਿਹੇ ਰੋਗੀਆਂ ਵਾਸਤੇ ਕਈ ਤਰ੍ਹਾਂ ਦੇ ਢੰਗ ਤਰੀਕੇ ਉਪਲਬਧ ਹਨ, ਉਦਾਹਰਣ ਵਜੋਂ- ਚੱਲਣ ਫ਼ਿਰਨ ਵਾਸਤੇ ਵ੍ਹੀਲ ਚੇਅਰ। ਇਹ ਕੁਰਸੀਆਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ:

ਹੱਥਾਂ ਨਾਲ ਚਲਾਉਣ ਵਾਲੀਆਂ: ਜਿਹੜੇ ਵਿਅਕਤੀਆਂ ਦੇ ਸਰੀਰ ਦਾ ਉੱਪਰਲਾ ਭਾਗ ਠੀਕ ਤੇ ਤੰਦਰੁਸਤ ਹੁੰਦਾ ਹੈ ਉਹ ਆਪਣੀ ਤਾਕਤ ਨਾਲ ਖ਼ੁਦ ਵ੍ਹੀਲ ਚੇਅਰ ਚਲਾ ਲੈਂਦੇ/ਸਕਦੇ ਹਨ।

ਬਿਜਲੀ ਨਾਲ ਚੱਲਣ ਵਾਲੀਆਂ ਕੁਰਸੀਆਂ: ਜਿਨ੍ਹਾਂ ਦੇ ਸਰੀਰ ਦੇ ਉਪਰਲੇ ਹਿੱਸੇ ਦੇ ਪੱਠੇ ਵੀ ਕੰਮ ਨਾ ਕਰਦੇ ਹੋਣ। ਅਜਿਹੇ ਵਿਅਕਤੀਆਂ ਵਾਸਤੇ, ਹਵਾਈ ਅੱਡਿਆਂ ਤੇ ਜਨਤਕ ਸੁਵਿਧਾ ਦੀਆਂ ਹੋਰ ਥਾਵਾਂ 'ਤੇ ਵ੍ਹੀਲ-ਚੇਅਰ ਦੀ ਸੇਵਾ ਮੁਫ਼ਤ ਮਿਲਦੀ ਹੈ।

ਪਿਸ਼ਾਬ ਦਾ ਕੰਟਰੋਲ ਨਾ ਹੋਵੇ: ਰੀੜ੍ਹ ਦੀ ਹੱਡੀ ਦੀ ਸੱਟ ਜਾਂ ਕਿਸੇ ਬਿਮਾਰੀ ਕਾਰਨ ਪਿਸ਼ਾਬ ਦਾ ਕੰਟਰੋਲ ਖ਼ਤਮ ਹੋ ਗਿਆ ਹੋਵੇ ਤਾਂ ਪਿਸ਼ਾਬ ਵਾਲੀ ਨਾਲੀ (ਕੈਥੀਟਰ) ਲਗਾ ਦਿੱਤੀ ਜਾਂਦੀ ਹੈ ਤਾਂ ਕਿ ਪਿਸ਼ਾਬ ਨਿਕਲਣ ਨਾਲ ਕਪੜੇ ਗਿੱਲੇ ਨਾ ਰਹਿਣ। ਕੈਥੀਟਰ ਪਲਾਸਟਿਕ ਦੀ ਇੱਕ ਨਰਮ ਤੇ ਪਤਲੀ ਜਿਹੀ ਨਾਲੀ ਹੁੰਦੀ ਹੈ ਜੋ ਪੁਰਸ਼ਾਂ ਤੇ ਔਰਤਾਂ ਵਾਸਤੇ ਵੱਖ ਵੱਖ ਕਿਸਮਾਂ ਤੇ ਆਕਾਰਾਂ ਵਿੱਚ ਉਪਲਭਦ ਹੈ। ਇਹ ਨਾਲੀ ਪਿਸ਼ਾਬ ਵਾਲੇ ਰਸਤੇ ਰਾਹੀਂ ਜਾਂ ਪੇਟ ਵਿੱਚ ਮੋਰੀ ਕਰਕੇ ਮਸਾਨੇ ਤਕ ਭੇਜੀ ਜਾਂਦੀ ਹੈ। ਪਿਸ਼ਾਬ ਇੱਕ ਬੈਗ ਵਿੱਚ ਇੱਕੱਠਾ ਹੁੰਦਾ ਰਹਿੰਦਾ ਹੈ ਜਿਸ ਨੂੰ ਕੁਝ ਸਮੇਂ ਬਾਅਦ ਖਾਲੀ ਕਰ ਲਿਆ ਜਾਂਦਾ ਹੈ। ਪਿਸ਼ਾਬ ਪ੍ਰਣਾਲੀ ਦੀਆਂ ਇਨਫ਼ੈਕਸ਼ਨਾਂ ਤੋਂ ਬਚਣ ਵਾਸਤੇ ਇਸ ਨਾਲੀ ਦੀ ਸਾਫ਼-ਸਫ਼ਾਈ ਰੱਖਣੀ ਬਹੁਤ ਜ਼ਰੂਰੀ ਹੈ।

ਪਖਾਨੇ ਦਾ ਕੰਟਰੋਲ ਨਾ ਹੋਵੇ: ਰੀੜ੍ਹ ਦੀ ਹੱਡੀ ਦੀ ਸੱਟ ਜਾਂ ਕਿਸੇ ਬਿਮਾਰੀ ਕਾਰਨ ਪਖਾਨੇ ਦਾ ਕੰਟਰੋਲ ਖ਼ਤਮ ਹੋ ਜਾਵੇ ਤਾਂ ਪਿਸ਼ਾਬ ਨਾਲੋਂ ਵੀ ਵੱਡੀ ਮੁਸੀਬਤ ਬਣ ਜਾਂਦੀ ਹੈ। ਟੱਟੀ ਨਾ ਆਵੇ ਤਾਂ ਸਖ਼ਤ ਹੋ ਕੇ ਬੰਨ੍ਹ ਪੈਣ ਅਤੇ ਜੇ ਵਧੇਰੇ ਆਵੇ ਤਾਂ ਬਿਸਤਰੇ ਖ਼ਰਾਬ ਹੋਣ ਦੀ ਸਮੱਸਿਆ ਆਉਂਦੀ ਹੈ। ਕਈਆਂ ਕੇਸਾਂ ਵਿੱਚ ਅਪ੍ਰੇਸ਼ਨ ਦੁਆਰਾ ਪੇਟ ਦੇ ਹੇਠਲੇ ਭਾਗ ਵਿੱਚ ਗੁਦਾ ਬਣਾ ਕੇ ਉਸ ਨਾਲ ਬੈਗ ਲਗਾ ਦਿੱਤਾ ਜਾਂਦਾ ਹੈ ਜੋ ਸਮੇਂ ਸਮੇਂ 'ਤੇ ਖਾਲੀ ਕਰ ਲਿਆ ਜਾਂਦਾ ਹੈ।

ਲਕਵਾ ਜਾਂ ਮੂੰਹ ਵਿੰਗਾ ਹੋਣਾ: ਚਿਹਰੇ ਦੇ ਪੱਠਿਆਂ ਵਾਲੀ ਨਾੜੀ (ਫ਼ੇਸ਼ੀਅਲ ਨਰਵ) ਦੇ ਪੈਰਾਲਾਇਸਿਸ ਨਾਲ ਲਕਵਾ ਹੋ ਜਾਂਦਾ ਹੈ, ਉਸ ਪਾਸੇ ਦੀਆਂ ਮਾਸਪੇਸ਼ੀਆਂ ਲਟਕ ਜਾਂਦੀਆਂ ਹਨ। ਇਸ ਦੇ ਕਾਰਨ ਹਨ:

* ਸਿਰ ਦੀ ਸੱਟ
* ਸਿਰ ਜਾਂ ਧੌਣ ਵਿੱਚ ਕੋਈ ਗਿਲ੍ਹਟੀ
* ਦਿਮਾਗ ਦੀ ਨਾੜੀ ਦਾ ਫ਼ਟ ਜਾਣਾ
* ਨਾੜੀ ਦੀ ਕੋਈ ਇਨਫ਼ੈਕਸ਼ਨ ਤੇ
* ਪੈਰੋਟਿਡ ਗਲੈਂਡ (ਤਰਲ ਗ੍ਰੰਥੀ) ਦੇ ਅਪ੍ਰੇਸ਼ਨ ਤੋਂ ਬਾਅਦ।

ਕੁਝ ਸਥਿਤੀਆਂ (ਤਰਲ ਗ੍ਰੰਥੀ ਪੈਰੋਟਿਡ ਗਲੈਂਡ ਦੇ ਅਪ੍ਰੇਸ਼ਨ ਤੋਂ ਬਾਅਦ) ਵਿੱਚ ਸਮਾਂ ਪਾ ਕੇ ਲਕਵਾ ਆਪਣੇ-ਆਪ ਠੀਕ ਹੋ ਜਾਂਦਾ ਹੈ। ਬਾਕੀ ਹਾਲਤਾਂ ਵਿੱਚ ਜਾਂਚ ਤੋਂ ਬਾਅਦ ਪੱਕਾ ਡਾਇਗਨੋਸਿਸ ਬਨਣ 'ਤੇ ਇਲਾਜ ਕੀਤਾ ਜਾਂਦਾ ਹੈ।

ਧਿਆਨ ਰੱਖਣ ਵਾਲੀਆਂ ਗੱਲਾਂ: ਜਿਸ ਬਿਮਾਰੀ ਕਾਰਨ ਅਧਰੰਗ ਜਾਂ ਪੈਰਾਲਾਇਸਿਸ ਹੋਇਆ ਹੈ ਉਸ ਦੇ ਇਲਾਜ ਦੇ ਨਾਲ ਨਾਲ ਰੋਗੀ ਦੀ ਸਾਫ਼-ਸਫ਼ਾਈ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ। ਜੇ ਵਧੇਰੇ ਅਪੰਗਤਾ ਕਰਕੇ ਉਹ ਮੰਜੇ 'ਤੇ ਹੀ ਪਿਆ ਰਹਿੰਦਾ ਹੈ ਤਾਂ ਸਰੀਰ ਪਿਛਲੇ ਪਾਸੇ ਜ਼ਖ਼ਮ (ਬੈਡ ਸੋਰ) ਹੋਣ ਤੋਂ ਬਚਾਉਣ ਲਈ ਪਾਸਾ ਬਦਲਦੇ ਰਹਿਣਾ ਤੇ ਪਾਊਡਰ ਲਗਾ ਕੇ ਰੱਖਣਾ ਚਾਹੀਦਾ ਹੈ। ਰੋਗੀ ਦੀ ਮਨੋ-ਸਥਿੱਤੀ ਠੀਕ ਰੱਖਣ ਲਈ ਪਰਿਵਾਰ ਦੇ ਬਾਕੀ ਮੈਂਬਰਾਂ ਨਾਲ ਗੱਲਾਂ-ਬਾਤਾਂ, ਅਖ਼ਬਾਰਾਂ, ਟੀ.ਵੀ. ਆਦਿ ਨਾਲ ਜੋੜ ਕੇ ਰੱਖਣਾ ਚਾਹੀਦਾ ਹੈ ਤਾਂ ਕਿ ਦੁਆਲੇ ਦੀ ਜ਼ਿੰਦਗੀ ਵਿੱਚ ਮਰੀਜ਼ ਦੀ ਰੁਚੀ ਬਣੀ ਰਹੇ। ਜਿਹੜੇ ਅੰਗ ਕੰਮ ਕਰਦੇ ਹਨ, ਉਨ੍ਹਾਂ ਦੀ ਵਰਜ਼ਿਸ਼ ਤੇ ਬਾਕੀਆਂ ਦੀ ਫ਼ਿਜ਼ੀਓਥੈਰੇਪੀ ਕਰਵਾਉਣੀ ਚਾਹੀਦੀ ਹੈ।

# ਰੋਮੈਂਟਿਕ ਮੂਡ ਲਈ ਫ਼ਾਇਦੇਮੰਦ ਹੈ ਮੋਰਿੰਗਾ, ਖ਼ੂਨ ਸਾਫ਼ ਕਰਦੀ ਹੈ ਹਲਦੀ





ਸਰਦੀਆਂ ਦੇ ਮੌਸਮ ਨੂੰ ਅਕਸਰ ਰੋਮਾਂਸ ਦਾ ਮੌਸਮ ਮੰਨਿਆ ਜਾਂਦਾ ਹੈ ਤੇ ਅਜਿਹੇ 'ਚ ਜੇਕਰ ਤੁਹਾਡਾ ਸਾਥੀ ਤੁਹਾਡੇ ਨਾਲ ਹੋਵੇ ਤਾਂ ਰੋਮਾਂਸ ਦਾ ਮੂਡ ਬਣ ਹੀ ਜਾਂਦਾ ਹੈ, ਪਰ ਅਕਸਰ ਅਜਿਹਾ ਦੇਖਿਆ ਜਾਂਦਾ ਹੈ ਕਿ ਲੋਕ ਸ਼ਰੀਰਕ ਥਕਾਨ ਜਾਂ ਫ਼ਿਰ ਕਿਸੇ ਹੋਰ ਕਾਰਨ ਆਪਣਾ ਮੂਡ ਨਹੀਂ ਬਣਾ ਪਾਉਂਦੇ।

ਜੇਕਰ ਤੁਹਾਡਾ ਪਾਰਟਨਰ ਵੀ ਇਸੇ ਕਾਰਨ ਆਪਣਾ ਮੂਡ ਨਹੀਂ ਬਣਾ ਪਾ ਰਿਹਾ ਤਾਂ ਮੋਰਿੰਗੇ ਦਾ ਦਰਖ਼ਤ ਤੁਹਾਡੀ ਮਦਦ ਕਰ ਸਕਦਾ ਹੈ। ਇਸ ਨੂੰ ਅੰਗ੍ਰੇਜੀ ਵਿੱਚ ਡ੍ਰਮਸਟਿਕਸ ਟ੍ਰੀ ਜਾਂ ਹਿੰਦੀ ਵਿੱਚ ਸਹਿਜਨ ਕਿਹਾ ਜਾਂਦਾ ਹੈ। ਇਸ ਦੀ ਵਰਤੋਂ ਆਮ ਤੌਰ 'ਤੇ ਸਾਂਬਰ ਜਾਂ ਸਬਜ਼ੀ ਲਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਹ ਸਰਦੀ ਅਤੇ ਖਾਂਸੀ ਤੇ ਤੋਂ ਬਚਣ ਦਾ ਵੀ ਇੱਕ ਲਾਭਕਾਰੀ ਤਰੀਕਾ ਹੈ। ਮੋਰਿੰਗਾ ਜਾਂ ਸਹਜਨ ਦਾ ਸੂਪ ਬਣਾ ਕੇ ਵੀ ਪੀਤਾ ਜਾ ਸਕਦਾ ਹੈ। ਇਸ ਵਿੱਚ ਭਰਪੂਰ ਮਾਤਰਾ 'ਚ ਵਾਈਟਾਮਿਨ ਸੀ ਪਾਇਆ ਜਾਂਦਾ ਹੈ ਤੇ ਇਸ ਦੇ ਨਾਲ ਹੀ ਬੀਟਾ ਕੈਰੋਟੀਨ, ਪ੍ਰੋਟੀਨ ਅਤੇ ਕਈ ਹੋਰ ਪੋਸ਼ਕ ਤੱਤ ਵੀ ਪਾਏ ਜਾਂਦੇ ਹਨ ਜੋ ਕਿ ਰੋਮੈਂਟਿਕ ਮੂਡ ਲਈ ਕਾਰਗਰ ਸਾਬਤ ਹੁੰਦੇ ਹਨ। ਰੋਜ਼ਾਨਾ ਮੋਰਿੰਗਾ ਦਾ ਸੇਵਨ ਕਰਨ ਨਾਲ ਸੈਕਸ਼ੁਅਲ ਹੈਲਥ ਬਿਹਤਰ ਰਹਿੰਦੀ ਹੈ। ਇਹ ਨਾ ਸਿਰਫ਼ ਸਰੀਰ ਦੀ ਥਕਾਨ ਦੂਰ ਕਰਦਾ ਹੈ ਬਲਕਿ ਕਮਜ਼ੋਰੀ ਨੂੰ ਦੂਰ ਕਰਨ 'ਚ ਵੀ ਮਦਦ ਕਰਦਾ ਹੈ। ਇਹ ਔਰਤਾਂ ਤੇ ਪੁਰਸ਼ ਦੋਵਾਂ ਲਈ ਫ਼ਾਇਦੇਮੰਦ ਹੈ।

ਸੂਪ ਬਣਾਉਣ ਦੀ ਵਿਧੀ

ਸੂਪ ਬਣਾਉਣ ਲਈ ਸਹਜਨ ਜਾਂ ਮੋਰਿੰਗਾ ਦੇ ਪੱਤੇ ਛੋਟੇ-ਛੋਟੇ ਟੁਕੜੇ ਵਿੱਚ ਕੱਟ ਕੇ ਇਸ ਨੂੰ ਇਕ ਬਰਤਨ 'ਚ 2 ਕੱਪ ਪਾਣੀ ਪਾਕੇ ਉਬਾਲ ਲਓ। ਜਦੋਂ ਪਾਣੀ ਅੱਧਾ ਬਚੇ ਤਾਂ ਸਹਿਜਨ ਦੀਆਂ ਫ਼ਲੀਆਂ ਦੇ ਵਿੱਚਲਾ ਗੁੱਦਾ ਕੱਢ ਲਓ ਤੇ ਉੱਪਰੀ ਹਿੱਸੇ ਨੂੰ ਵੱਖ ਕਰ ਲਓ। ਇਸ 'ਚ ਸਵਾਦ ਮੁਤਾਬਕ ਨੀਂਬੂ ਤੇ ਨਮਕ ਦੇ ਇਲਾਵਾ ਕਾਲੀ ਮਿਰਚ ਪਾਊਡਰ ਵੀ ਪਾਇਆ ਜਾ ਸਕਦਾ ਹੈ।

**ਹਲਦੀ ਵਾਲਾ ਪਾਣੀ ਪੀਣ ਨਾਲ ਸ਼ਰੀਰ ਨੂੰ ਹੁੰਦੇ ਹਨ ਬੇਮਿਸਾਲ ਫ਼ਾਇਦੇ**

ਹਲਦੀ ਦੀ ਵਰਤੋਂ ਨਾਲ ਭੋਜਨ ਸੁਆਦੀ ਬਣਦਾ ਹੈ ਅਤੇ ਇਸ ਦੇ ਨਾਨ-ਨਾਲ ਉਸ ਦਾ ਰੰਗ ਵੀ ਵਧੀਆ ਆਉਂਦਾ ਹੈ। ਹਲਦੀ ਸਰੀਰ ਨੂੰ ਸਿਹਤਮੰਦ ਬਣਾਉਣ 'ਚ ਸਹਾਈ ਹੈ ਰੋਜ਼ਾਨਾ ਹਲਦੀ ਦੀ ਵਰਤੋਂ ਨਾਲ ਹਾਜਮਾ ਠੀਕ ਰਹਿੰਦਾ ਹੈ ਅਤੇ ਜੋੜਾਂ 'ਚ ਹੁੰਦਾ ਦਰਦ ਠੀਕ ਹੋ ਜਾਂਦਾ ਹੈ। ਨਿਰੋਗ ਰਹਿਣ ਲਈ ਹਲਦੀ ਵਾਲਾ ਪਾਣੀ ਪੀਣਾ ਚਾਹੀਦਾ ਹੈ। ਅੱਜ ਅਸੀਂ ਤੁਹਾਨੂੰ ਹਲਦੀ ਵਾਲਾ ਪਾਣੀ ਪੀਣ ਦੇ ਫ਼ਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਉਨ੍ਹਾਂ ਬਾਰੇ...

1. ਹਲਦੀ ਵਾਲਾ ਪਾਣੀ ਪੀਣ ਨਾਲ ਖ਼ੂਨ ਸਾਫ਼ ਹੁੰਦਾ ਹੈ, ਜਿਸ ਨਾਲ ਸਕਿਨ ਸੰਬੰਧੀ ਪ੍ਰੇਸ਼ਾਨੀਆਂ ਖਤਮ ਹੁੰਦੀਆਂ ਹਨ।
2. ਇਸ ਪਾਣੀ ਨੂੰ ਲਗਾਤਾਰ ਪੀਂਦੇ ਰਹਿਣ ਨਾਲ ਕੋਲੈਸਟਰੌਲ ਠੀਕ ਰਹਿੰਦਾ ਹੈ, ਜਿਸ ਨਾਲ ਦਿਲ ਸੰਬੰਧੀ ਬੀਮਾਰੀਆਂ ਨਹੀਂ ਹੁੰਦੀਆਂ।
3. ਗਰਮ ਪਾਣੀ 'ਚ ਨਿੰਬੂ, ਹਲਦੀ ਪਾਊਡਰ ਅਤੇ ਸ਼ਹਿਦ ਮਿਲਾ ਕੇ ਪੀਣ ਨਾਲ ਸਰੀਰ ਦੀ ਗੰਦਗੀ ਯੂਰਿਨ ਦੁਆਰਾ ਬਾਹਰ ਨਿਕਲ ਜਾਂਦੀ ਹੈ, ਜਿਸ ਨਾਲ ਬੁਢੇਪਾ ਦੂਰ ਰਹਿੰਦਾ ਹੈ।
4. ਸਰੀਰ 'ਚ ਕਿੰਨੀ ਵੀ ਸੋਜ ਹੋਵੇ, ਹਲਦੀ ਵਾਲਾ ਪਾਣੀ ਪੀਣ ਨਾਲ ਸੋਜ ਘੱਟ ਜਾਂਦੀ ਹੈ।
5. ਹਲਦੀ ਦਿਮਾਗ ਲਈ ਬਹੁਤ ਚੰਗੀ ਹੁੰਦੀ ਹੈ। ਭੁੱਲਣ ਦੀ ਬੀਮਾਰੀ ਜਿਵੇਂ ਡਿਮੇਸ਼ੀਆ ਅਤੇ ਅਲਜ਼ਾਈਮਰ ਨੂੰ ਵੀ ਇਸ ਦੀ ਨਿਯਮਿਤ ਵਰਤੋਂ ਨਾਲ ਘੱਟ ਕੀਤਾ ਜਾ ਸਕਦਾ ਹੈ।

# ਔਰੰਗਜ਼ੇਬੀ ਅੰਦਾਜ਼ ਵਿੱਚ ਪਿਉ-ਪੁੱਤਰ ਦਾ ਟਕਰਾਅ

**ਇੰਦਰਾ ਗਾਂਧੀ ਨੇ 1979 ਵਿੱਚ ਆਪਣੀ ਦੂਜੀ ਸਿਆਸੀ ਪਾਰੀ ਦੀ ਸ਼ੁਰੂਆਤ ਤੋਂ ਐਨ ਪਹਿਲਾਂ ਹੀ ਫੋਤੇਦਾਰ ਨੂੰ ਆਪਣੇ ਸਹਾਇਕ ਵਜੋਂ ਚੁਣਿਆ ਸੀ। ਦਰਅਸਲ, 1977 ਤੋਂ 1979 ਦੇ ਦਰਮਿਆਨ ਬਹੁਤ ਸਾਰੇ ਸਾਥੀ ਸ੍ਰੀਮਤੀ ਇੰਦਰਾ ਗਾਂਧੀ ਤੋਂ ਕਿਨਾਰਾ ਕਰ ਗਏ ਸਨ ਅਤੇ ਉਨ੍ਹਾਂ ਨੂੰ ਬਾਕੀਆਂ ਦੇ ਮੁਕਾਬਲੇ ਘੱਟ ਮੈਲੇ ਮਨ ਵਾਲੇ ਸਿਆਸੀ ਸਾਥੀ ਦੀ ਜ਼ਰੂਰਤ ਸੀ ਜੋ ਉਨ੍ਹਾਂ ਦੇ ਭੇਤ ਗੁਪਤ ਰੱਖੇ ਅਤੇ ਉਨ੍ਹਾਂ ਦੀ ਗ਼ੈਰਮੌਜੂਦਗੀ ਵਿੱਚ ਸਥਿਤੀ 'ਤੇ ਵੀ ਨਜ਼ਰ ਰੱਖੇ। ਪੂਰੀ ਤਨਦੇਹੀ, ਹੁਸ਼ਿਆਰੀ ਅਤੇ ਵਫ਼ਾਦਾਰੀ ਨਾਲ ਫੋਤੇਦਾਰ ਨੇ ਸ੍ਰੀਮਤੀ ਗਾਂਧੀ ਦਾ ਵਿਸ਼ਵਾਸ ਜਿੱਤ ਲਿਆ। ਇਸ ਦੇ ਨਾਲ ਹੀ ਉਹ ਪਾਰਟੀ ਪੱਧਰ, ਮੁੱਖ ਮੰਤਰੀਆਂ, ਕੈਬਨਿਟ ਮੰਤਰੀਆਂ, ਆਲ ਇੰਡੀਆ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਆਦਿ ਨਾਲ ਸੰਵਾਦ ਰਚਾਉਣ ਵਾਲਾ ਪ੍ਰਮੁੱਖ ਵਿਅਕਤੀ ਬਣ ਗਿਆ।**

ਤਕਰੀਬਨ ਸੱਠ ਸਾਲ ਰਾਜ ਕਰਨ ਵਾਲੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਆਲਮਗੀਰ ਨੂੰ ਪੂਰੇ ਭਾਰਤ ਵਿੱਚ ਭਾਰਤੀ ਇਤਿਹਾਸ ਦਾ ਸਭ ਤੋਂ ਵੱਡਾ ਖਲਨਾਇਕ ਮੰਨਿਆ ਜਾਂਦਾ ਹੈ। ਮੁੱਢਲੇ ਤੌਰ 'ਤੇ ਉਸ ਦੀ ਖੁਨਾਮੀ ਇਸ ਕਰਕੇ ਹੋਈ ਕਿਉਂਕਿ ਉਸ ਨੇ ਆਪਣੇ ਵਾਲਿਦ, ਬਾਦਸ਼ਾਹ ਸ਼ਾਹਜਹਾਂ ਨਾਲ ਬੁਰਾ ਵਰਤਾਉ ਕੀਤਾ, ਉਸ ਦਾ ਰਾਜ-ਭਾਗ ਖੋਹ ਲਿਆ ਅਤੇ ਉਸ ਨੂੰ (ਆਗਰੇ ਦੇ) ਕਿਲੇ ਵਿੱਚ ਕੈਦ ਕਰ ਦਿੱਤਾ।

ਹਾਲ ਹੀ ਵਿੱਚ ਜਦੋਂ ਅਖਿਲੇਸ਼ ਯਾਦਵ ਨੇ ਆਪਣੇ ਪਿਤਾ ਮੁਲਾਇਮ ਸਿੰਘ ਖ਼ਿਲਾਫ਼ ਮੋਰਚਾ ਖੋਲ੍ਹਿਆ ਤਾਂ ਉਸ ਉੱਤੇ 'ਔਰੰਗਜ਼ੇਬੀ ਤਹਿਜ਼ੀਬ' ਅਪਣਾਉਣ ਦੇ ਦੋਸ਼ ਲੱਗੇ।

ਹੁਣ ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਲ ਮੰਤਰੀ ਜਯੰਤ ਸਿਨਹਾ ਨੇ ਭਾਰਤੀ ਅਰਥਚਾਰੇ ਦੀ ਤਰਸਯੋਗ ਹਾਲਤ ਬਾਰੇ ਆਪਣੇ ਪਿਤਾ ਯਸ਼ਵੰਤ ਸਿਨਹਾ ਦੇ ਵਿਚਾਰਾਂ ਨੂੰ ਜਨਤਕ ਤੌਰ ਨਕਾਰ ਕੇ ਬਹੁਤ ਸਾਰੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇੱਕ ਪੁੱਤਰ ਵੱਲੋਂ ਆਪਣੇ ਪਿਤਾ ਪ੍ਰਤੀ ਹਮਲਾਵਰ ਰੁਖ਼ ਅਖਤਿਆਰ ਕਰਨਾ ਸੋਭਦਾ ਨਹੀਂ। ਇਹ ਭਾਰਤੀ ਤਹਿਜ਼ੀਬ ਨਹੀਂ ਹੈ, ਯਕੀਨਨ ਅਜਿਹੀਆਂ ਗੱਲਾਂ ਸਾਡੀ ਭਾਰਤੀ ਸੱਭਿਅਤਾ ਦਾ ਹਿੱਸਾ ਨਹੀਂ ਹਨ।

ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਕੋਈ ਵੀ ਯਸ਼ਵੰਤ ਸਿਨਹਾ ਦੇ ਪੁੱਤਰ ਦੀ ਇਹ ਗੱਲ ਮੰਨ ਕੇ ਰਾਜ਼ੀ ਨਹੀਂ ਕਿ ਉਸ ਦੇ ਸਿਆਸੀ ਆਕਾਵਾਂ ਨੇ ਉਸ ਨੂੰ ਅਜਿਹਾ ਕਰਨ ਲਈ ਨਹੀਂ ਆਖਿਆ ਅਤੇ ਉਸ ਨੇ ਆਪਣੀ ਮਰਜ਼ੀ ਨਾਲ ਹੀ ਆਪਣੇ ਪਿਤਾ ਖ਼ਿਲਾਫ਼ ਤਲਵਾਰ ਧੂਹਣ ਦਾ ਰਾਹ ਚੁਣਿਆ। ਇਹ ਬੇਵਿਸਾਹੀ ਇਸ ਸਾਧਾਰਨ ਤੱਥ ਤੋਂ ਉਪਜੀ ਹੈ ਕਿ ਜਯੰਤ ਸਿਨਹਾ, ਆਖਿਰਕਾਰ, ਉਸੇ 'ਹਜੂਮ' ਦਾ ਹਿੱਸਾ ਹੈ ਜਿਸ ਨੂੰ ਚਿਕਨੀਆਂ-ਚੋਪੜੀਆਂ ਗੱਲਾਂ, ਜਿਨ੍ਹਾਂ ਨੂੰ ਹੁਣ ਅਧਿਕਾਰਤ ਤੌਰ 'ਤੇ ਜੁਮਲਾਬਾਜ਼ੀ ਕਿਹਾ ਜਾਂਦਾ ਹੈ, ਕਰਨ ਵਿੱਚ ਮੁਹਾਰਤ ਹਾਸਲ ਹੈ।

ਬੇਵਿਸ਼ਵਾਸੀ ਅਤੇ ਬੇਚੈਨੀ ਵਿੱਚ ਕਈ ਲੋਕਾਂ ਨੇ ਪਿਉ-ਪੁੱਤਰ ਦੇ ਟਕਰਾਅ ਬਾਰੇ ਟਿੱਪਣੀਆਂ ਕੀਤੀਆਂ ਹਨ। ਭਾਰਤ ਦੇ ਸਭ ਤੋਂ ਉੱਘੇ ਅਤੇ ਸਭ ਤੋਂ ਸਤਿਕਾਰਤ ਕਾਨੂੰਨਵੇਤਾ ਸ੍ਰੀ ਫਾਲੀ ਐੱਸ. ਨਰੀਮਨ ਨੇ ਸ਼ਾਇਦ ਸਭ ਤੋਂ ਵਧੀਆ ਟਿੱਪਣੀ ਕੀਤੀ ਹੈ। ਇੱਕ ਸੁਨੇਹੇ ਵਿੱਚ ਉਹ ਇਸ ਗ਼ੈਰ-ਭਾਰਤੀ ਵਰਤਾਰੇ ਅਤੇ ਸੁਚੱਜੀ ਜੀਵਨ ਜਾਚ ਵਿੱਚ ਆਈ ਵਿਆਖਿਆ-ਅਯੋਗ ਗਿਰਾਵਟ ਬਾਰੇ ਆਪਣਾ ਦੁੱਖ ਇਉਂ ਪ੍ਰਗਟ ਕਰਦੇ ਹਨ: "ਕਾਲਜ ਵਿੱਚ ਹਿੰਦੂ ਕਾਨੂੰਨ ਦੇ ਸਾਡੇ ਅਧਿਆਪਕ ਇੱਕ ਪੁੱਤਰ ਵੱਲੋਂ ਪਿਤਾ ਦਾ ਕਰਜ਼ ਚੁਕਾਉਣ ਦੇ ਫ਼ਰਜ਼ ਦੇ ਸੰਕਲਪ ਬਾਰੇ ਘੜੀ-ਮੁੜੀ ਸਾਨੂੰ ਚਿਤਾਉਂਦੇ ਰਹਿੰਦੇ ਸਨ! ਪਰ ਮੈਨੂੰ ਹਿੰਦੂ ਕਾਨੂੰਨ ਦੇ ਅਜਿਹੇ ਕਿਸੇ ਨਿਯਮ ਬਾਰੇ ਜਾਣਕਾਰੀ ਨਹੀਂ ਹੈ ਜੋ ਪਿਤਾ ਪ੍ਰਤੀ ਦਿਖਾਈ ਗਏ ਬੇਹੱਦ ਅਸ਼ਿਸ਼ਟ ਵਿਵਹਾਰ ਦੇ ਦੋਸ਼ ਤੋਂ ਪੁੱਤਰ ਨੂੰ ਮੁਕਤ ਕਰਦਾ ਹੋਵੇ। ਸ਼ਹਿਰੀ ਹਵਾਬਾਜ਼ੀ ਬਾਰੇ ਰਾਜ ਮੰਤਰੀ ਨੇ-ਤਰੱਕੀ, ਚਮਚਾਗਿਰੀ ਜਾਂ ਅਜਿਹੇ ਕੁਝ ਖ਼ਾਤਿਰ- ਜਨਤਕ ਤੌਰ 'ਤੇ ਆਪਣੇ ਪਿਤਾ ਦੀ ਕਰੜੀ ਆਲੋਚਨਾ ਕਰਨ ਦੀ ਜ਼ਿੰਮੇਵਾਰੀ ਲੈ ਕੇ ਅਜਿਹੀ ਹੀ ਬੇਰੁਖ਼ੀ ਦਿਖਾਈ ਹੈ। ਇਹ ਬਹੁਤ ਹੈਰਾਨੀ ਦੀ ਗੱਲ ਹੈ।" ਇਹ ਗੱਲ ਸ੍ਰੀ ਨਰੀਮਨ ਤੋਂ ਬਿਹਤਰ ਢੰਗ ਨਾਲ ਕੋਈ ਵੀ ਨਹੀਂ ਸੀ ਆਖ ਸਕਦਾ। ਅਜਿਹਾ ਇਸ ਕਰਕੇ ਹੈ ਕਿਉਂਕਿ ਇਹੀ ਢੰਗ 'ਨਵੇਂ ਭਾਰਤ' ਵਿੱਚ ਤੁੱਛ ਗਿਣਤੀਆਂ-ਮਿਣਤੀਆਂ ਅਤੇ ਇਨ੍ਹਾਂ ਤੋਂ ਵੀ ਨੀਵੇਂ ਨੈਤਿਕ ਨਿਯਮਾਂ ਦੇ ਤੱਤ-ਸਾਰ ਦਾ ਇਜ਼ਹਾਰ ਹੈ। ਇੱਕ ਹੋਰ ਸੀਨੀਅਰ ਕਾਂਗਰਸੀ ਆਗੂ ਚਲਾਣਾ ਕਰ ਗਿਆ ਹੈ। ਲੰਘੇ ਵੀਰਵਾਰ ਨੂੰ ਮਾਖਨ ਲਾਲ ਫੋਤੇਦਾਰ ਦਾ ਦੇਹਾਂਤ ਹੋ ਗਿਆ। ਸ਼ਰਧਾਂਜਲੀ ਦੇਣ ਵਾਲਿਆਂ ਨੇ ਉਸ ਦੀ ਉਸਤਤ ਵਿੱਚ ਸਭ ਤੋਂ ਜ਼ਿਆਦਾ ਇਹ ਸ਼ਬਦ ਵਰਤੇ ਕਿ ਉਹ 'ਪਰਿਵਾਰ' ਦਾ ਵਫ਼ਾਦਾਰ ਸੀ। ਅਤੇ ਇਹ ਕੋਈ ਹੋਰ ਪਰਿਵਾਰ ਨਹੀਂ ਸਗੋਂ ਦੇਸ਼ ਦਾ ਇੱਕੋ ਇੱਕ 'ਗਾਂਧੀ ਪਰਿਵਾਰ' ਹੈ।

ਕਿਸੇ ਵੇਲੇ ਉਹ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਬਹੁਤ ਸ਼ਕਤੀਸ਼ਾਲੀ ਸਿਆਸੀ ਸਾਥੀ ਸੀ। ਉਹ ਪੂਰੀ ਦ੍ਰਿੜ੍ਹਤਾ ਨਾਲ ਸ੍ਰੀਮਤੀ ਗਾਂਧੀ ਪ੍ਰਤੀ ਵਫ਼ਾਦਾਰ ਰਿਹਾ। ਉਸ ਦਾ ਕੰਮ ਪਾਰਟੀ ਦੇ ਅੰਦਰ ਅਤੇ ਬਾਹਰ ਇਸ ਸਿਆਸਤਦਾਨ ਦੇ ਹਿੱਤਾਂ ਦਾ ਖ਼ਿਆਲ ਰੱਖਣਾ ਸੀ। ਇਹ ਉਹ ਸਮਾਂ ਸੀ ਜਦੋਂ ਜ਼ਿਆਦਾਤਰ ਸਿਆਸੀ ਜੋੜ-ਤੋੜ ਕਾਂਗਰਸ ਪਾਰਟੀ ਵਿੱਚ ਹੀ ਹੁੰਦੇ ਹਨ। ਸਿਆਸੀ ਸਾਜ਼ਿਸ਼ਾਂ ਅਤੇ ਫਰੇਬਾਂ ਵਿੱਚ ਪ੍ਰਾਚੀਨ ਕਸ਼ਮੀਰੀ ਸਿਆਸਤ ਵਾਲੀ ਵਿਚਾਰਧਾਰਾ ਨੂੰ ਪਰਣਾਇਆ ਫੋਤੇਦਾਰ, ਉਸ ਸਮੇਂ ਸੱਚਮੁੱਚ ਹੀ ਬਾਗੋ-ਬਾਗ ਜਾਪਦਾ ਸੀ ਜਦੋਂ ਉਹ ਇੰਦਰਾ ਗਾਂਧੀ ਦੇ ਵਿਰੋਧੀਆਂ ਅਤੇ ਸਿਆਸੀ ਸ਼ਰੀਕਾਂ ਨੂੰ ਆਪਣੀ ਸੂਝ-ਸ਼ਕਤੀ ਦੀ ਬਦੌਲਤ ਖੂੰਡੇ ਲਾਈ ਰੱਖਣ ਦੀ ਕਾਮਯਾਬੀ ਹਾਸਲ ਕਰ ਲੈਂਦਾ ਸੀ। ਉਸ ਅੰਦਰ ਸਾਜ਼ਿਸ਼ਾਂ ਰਚਣ ਅਤੇ ਸਾਜ਼ਿਸ਼ੀਆਂ ਨਾਲ ਜੂਝਣ ਦੀ ਕੁਦਰਤੀ ਪ੍ਰਤਿਭਾ ਮੌਜੂਦ ਸੀ।

ਇਹ ਯਕੀਨੀ ਬਣਾਉਣਾ ਉਸ ਦੀ ਹੀ ਜ਼ਿੰਮੇਵਾਰੀ ਸੀ ਕਿ ਅਫ਼ਸਰਸ਼ਾਹੀ ਅਤੇ ਪਾਰਟੀ ਪ੍ਰਧਾਨ ਮੰਤਰੀ ਦੀਆਂ ਤਰਜੀਹਾਂ ਪ੍ਰਤੀ ਸਹਿਮਤ ਹੋਵੇ। ਹਰ ਆਧੁਨਿਕ ਸਿਆਸਤਦਾਨ ਨੂੰ ਇਹ ਕੰਮ ਕਰਵਾਉਣਾ ਪੈਂਦਾ ਹੈ; ਹਰ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਨੂੰ ਕੋਈ 'ਫੋਤੇਦਾਰ' ਆਪਣੇ ਨਾਲ ਰੱਖਣਾ ਪੈਂਦਾ ਹੈ। ਇਹ ਕੰਮ ਕਰਨ ਵਾਲੇ ਲਈ ਸ਼ਬਦ ਬੜੇ ਅਪਮਾਨਜਨਕ ਵਰਤੇ ਜਾਂਦੇ ਹਨ ਜਿਵੇਂ ਕਿ ਹਨੇਰੇ 'ਚੋਂ ਵਾਰ ਕਰਨ ਵਾਲਾ, ਤਾਮੀਲਬਾਜ਼, ਸਾਜ਼ਿਸ਼ੀ ਸਲਾਹਕਾਰ, ਰੱਜ ਕੇ ਗੰਦਾ ਬੰਦਾ ਆਦਿ। ਅਜਿਹੀ 'ਸਾਖ' ਦੇ ਬਾਵਜੂਦ ਕੰਮ ਤਾਂ ਮੰਦੇ ਕਰਨੇ ਹੀ ਪੈਂਦੇ ਹਨ। ਮਰਦਿਆਂ ਨੂੰ ਅੱਕ ਤਾਂ ਚੱਬਣਾ ਹੀ ਪੈਂਦਾ ਹੈ।

ਇੰਦਰਾ ਗਾਂਧੀ ਨੇ 1979 ਵਿੱਚ ਆਪਣੀ ਦੂਜੀ ਸਿਆਸੀ ਪਾਰੀ ਦੀ ਸ਼ੁਰੂਆਤ ਤੋਂ ਐਨ ਪਹਿਲਾਂ ਹੀ ਫੋਤੇਦਾਰ ਨੂੰ ਆਪਣੇ ਸਹਾਇਕ ਵਜੋਂ ਚੁਣਿਆ ਸੀ। ਦਰਅਸਲ, 1977 ਤੋਂ 1979 ਦੇ ਦਰਮਿਆਨ ਬਹੁਤ ਸਾਰੇ ਸਾਥੀ ਸ੍ਰੀਮਤੀ ਇੰਦਰਾ ਗਾਂਧੀ ਤੋਂ ਕਿਨਾਰਾ ਕਰ ਗਏ ਸਨ ਅਤੇ ਉਨ੍ਹਾਂ ਨੂੰ ਬਾਕੀਆਂ ਦੇ ਮੁਕਾਬਲੇ ਘੱਟ ਮੈਲੇ ਮਨ ਵਾਲੇ ਸਿਆਸੀ ਸਾਥੀ ਦੀ ਜ਼ਰੂਰਤ ਸੀ ਜੋ ਉਨ੍ਹਾਂ ਦੇ ਭੇਤ ਗੁਪਤ ਰੱਖੇ ਅਤੇ ਉਨ੍ਹਾਂ ਦੀ ਗ਼ੈਰਮੌਜੂਦਗੀ ਵਿੱਚ ਸਥਿਤੀ 'ਤੇ ਵੀ ਨਜ਼ਰ ਰੱਖੇ।

ਪੂਰੀ ਤਨਦੇਹੀ, ਹੁਸ਼ਿਆਰੀ ਅਤੇ ਵਫ਼ਾਦਾਰੀ ਨਾਲ ਫੋਤੇਦਾਰ ਨੇ ਸ੍ਰੀਮਤੀ ਗਾਂਧੀ ਦਾ ਵਿਸ਼ਵਾਸ ਜਿੱਤ ਲਿਆ। ਇਸ ਦੇ ਨਾਲ ਹੀ ਉਹ ਪਾਰਟੀ ਪੱਧਰ, ਮੁੱਖ ਮੰਤਰੀਆਂ, ਕੈਬਨਿਟ ਮੰਤਰੀਆਂ, ਆਲ ਇੰਡੀਆ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਆਦਿ ਨਾਲ ਸੰਵਾਦ ਰਚਾਉਣ ਵਾਲਾ ਪ੍ਰਮੁੱਖ ਵਿਅਕਤੀ ਬਣ ਗਿਆ।

ਇੰਦਰਾ ਗਾਂਧੀ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਮਗਰੋਂ ਉਹ ਉਨ੍ਹਾਂ ਦੇ ਪੁੱਤਰ ਦੀ ਮਦਦ ਕਰਕੇ ਖ਼ੁਸ਼ ਸੀ। ਪਰ ਪਹਿਲਾਂ ਵਾਲੀ ਗੱਲ ਨਾ ਬਣ ਸਕੀ ਤੇ ਸ਼ਾਇਦ ਉਹ ਗੱਲ ਬਣਨੀ ਵੀ ਨਹੀਂ ਸੀ। ਪੁੱਤਰ ਕੋਲ ਆਪਣੇ ਸਲਾਹਕਾਰਾਂ ਦੀ ਵੱਖਰੀ ਭੀੜ ਸੀ। ਸੋ ਫੋਤੇਦਾਰ ਨੂੰ ਕੈਬਨਿਟ ਵਿੱਚ ਅਹੁਦਾ ਦੇ ਕੇ ਮਾਣ ਸਤਿਕਾਰ ਨਾਲ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। ਪੁੱਤਰ ਨੇ ਇਹ ਫ਼ੈਸਲਾ ਲੈ ਕੇ ਬਹੁਤ ਵੱਡੀ ਗ਼ਲਤੀ ਕਰ ਦਿੱਤੀ ਸੀ। ਫੋਤੇਦਾਰ ਦੀ ਸਲਾਹ ਤੋਂ ਵਾਂਝਾ ਰਾਜੀਵ, ਵਿਰੋਧੀ ਤਾਕਤਾਂ ਦੀਆਂ ਸਾਜ਼ਿਸ਼ਾਂ ਨਾਲ ਸਿੱਝ ਨਹੀਂ ਸੀ ਸਕਦਾ। ਰਾਜੀਵ ਗਾਂਧੀ ਦੇ ਦੇਹਾਂਤ ਤੋਂ ਬਾਅਦ ਫੋਤੇਦਾਰ ਇਹ ਗੱਲ ਸਵੀਕਾਰ ਹੀ ਨਹੀਂ ਕਰ ਸਕਿਆ ਕਿ ਉਸ ਕੁਰਸੀ 'ਤੇ ਗਾਂਧੀ ਪਰਿਵਾਰ ਤੋਂ ਬਾਹਰ ਦਾ ਸ਼ਖ਼ਸ ਪੀ.ਵੀ. ਨਰਸਿਮ੍ਹਾ ਰਾਓ ਬੈਠੇ ਜਿਸ 'ਤੇ ਕਦੇ ਜਵਾਹਰਲਾਲ ਨਹਿਰੂ ਅਤੇ ਇੰਦਰਾ ਗਾਂਧੀ ਸੁਭਾਇਮਾਨ ਰਹੇ ਸਨ। ਉਸ ਨੇ ਨਰਸਿਮ੍ਹਾ ਰਾਓ ਖ਼ਿਲਾਫ਼ ਸਾਜ਼ਿਸ਼ਾਂ ਰਚੀਆਂ, ਯੋਜਨਾਵਾਂ ਬਣਾਈਆਂ ਅਤੇ ਲੁਕਵਾਂ ਪ੍ਰਭਾਵ ਵਰਤਿਆ; ਪਰ ਪੀ.ਵੀ. ਵੀ ਪੂਰੇ ਖੁੰਢ ਅਤੇ ਵੱਧ ਘਾਗ ਵਿਰੋਧੀ ਸਾਬਿਤ ਹੋਏ। ਉਨ੍ਹਾਂ ਨੇ ਫੋਤੇਦਾਰ ਨੂੰ ਕਾਂਗਰਸ ਵਿੱਚੋਂ ਕਢਵਾ ਦਿੱਤਾ। ਫੋਤੇਦਾਰ ਨੇ ਇਸ ਦਾ ਜਵਾਬ ਵੱਖਰੇ ਸਿਆਸੀ ਗਰੁੱਪ- ਤਿਵਾੜੀ ਕਾਂਗਰਸ ਦੀ ਸਥਾਪਨਾ ਨੂੰ ਸ਼ਹਿ ਦੇ ਕੇ ਦਿੱਤਾ।

ਫਿਰ ਫੋਤੇਦਾਰ ਉਦੋਂ ਪੂਰੇ ਜਲੌਅ ਵਿੱਚ ਜਾਪਿਆ ਜਦੋਂ ਉਸ ਨੇ ਸੋਨੀਆ ਗਾਂਧੀ ਦੀ ਤਰਫੋਂ ਕਾਂਗਰਸ ਪਾਰਟੀ ਅੰਦਰ 'ਪਰਿਵਾਰ' ਦੇ ਹੱਕ ਵਿੱਚ ਸਫ਼ਬੰਦੀ ਸੰਭਵ ਬਣਾਈ, ਅਤੇ ਇਸੇ ਰਾਹੀਂ 'ਪਰਿਵਾਰ' ਵਿੱਚੋਂ ਕਿਸੇ ਲਈ ਥਾਂ ਬਣਾਉਣ ਖ਼ਾਤਰ ਕਾਂਗਰਸ ਦੇ ਚੁਣੇ ਗਏ ਪ੍ਰਧਾਨ ਸੀਤਾਰਾਮ ਕੇਸਰੀ ਨੂੰ ਬਾਹਰ ਦਾ ਰਸਤਾ ਦਿਖਾਉਣ ਵਾਲਾ ਅਮਲ ਸਿਰੇ ਚੜ੍ਹਿਆ। ਉਂਜ, ਕੇਸਰੀ ਨੇ ਕਾਂਗਰਸ ਪ੍ਰਧਾਨ ਹੋਣ ਨਾਤੇ ਪਾਰਟੀ ਵਿੱਚੋਂ ਉਸ ਨੂੰ ਕੱਢਣ ਦਾ ਫ਼ੈਸਲਾ ਰੱਦ ਕੀਤਾ ਸੀ। ਫੋਤੇਦਾਰ ਨੂੰ ਉਸ ਖ਼ਿਲਾਫ਼ ਮੋਰਚਾ ਖੋਲ੍ਹਣ ਦਾ ਕੋਈ ਅਫ਼ਸੋਸ ਨਹੀਂ ਸੀ ਕਿਉਂਕਿ 'ਪਰਿਵਾਰ' ਪ੍ਰਤੀ ਵਫ਼ਾਦਾਰੀ ਦੀ ਜਵਾਲਾ ਉਸ ਦੇ ਦਿਲ ਵਿੱਚ ਬਲ ਰਹੀ ਸੀ ਅਤੇ ਉਹ ਭਾਰਤ ਦੇ ਕਲਿਆਣ ਲਈ ਇਸ ਦੀ ਆਵੱਸ਼ਕਤਾ ਵੀ ਮਹਿਸੂਸ ਕਰਦਾ ਸੀ। ਕੁਝ ਸਮਾਂ ਸੋਨੀਆ ਗਾਂਧੀ ਉਸ ਤੋਂ ਅਗਵਾਈ ਲੈਂਦੀ ਰਹੀ, ਪਰ ਹੌਲੀ ਹੌਲੀ ਉਸ ਉੱਤੋਂ ਨਿਰਭਰਤਾ ਘੱਟ ਕਰ ਲਈ। ਸ਼ਾਇਦ ਉਨ੍ਹਾਂ ਨੇ ਮਹਿਸੂਸ ਕਰ ਲਿਆ ਸੀ- ਸ਼ਾਇਦ ਸਿਰਫ਼ ਉਹ ਹੀ ਮਹਿਸੂਸ ਕਰ ਸਕਦੀ ਸੀ- ਕਿ ਫੋਤੇਦਾਰ ਵੇਲਾ ਵਿਹਾਅ ਚੁੱਕੀ ਪਹੁੰਚ ਦੀ ਪ੍ਰਤੀਨਿਧਤਾ ਕਰਦੇ ਹਨ। ਸੋਨੀਆ ਗਾਂਧੀ ਸਮਝ ਗਈ ਕਿ ਇੰਦਰਾ ਦਾ ਭਾਰਤ ਬਦਲ ਚੁੱਕਾ, ਪਹਿਲਾਂ ਇਸ ਨੂੰ ਉਸ ਦੇ ਪਤੀ ਨੇ ਬਦਲਿਆ ਅਤੇ ਫਿਰ ਪੀਵੀ - ਮਨਮੋਹਨ ਸਿੰਘ ਦੀ ਅਗਵਾਈ ਵਾਲੇ ਆਰਥਿਕ ਸੁਧਾਰਾਂ ਨੇ ਬਦਲਿਆ ਸੀ ਜਦੋਂਕਿ ਫੋਤੇਦਾਰ ਹਾਲੇ ਵੀ ਉਸੇ ਦੌਰ ਵਿੱਚ ਵਿਚਰ ਰਿਹਾ ਸੀ ਜੋ ਕਦੋਂ ਦਾ ਲੰਘ ਚੁੱਕਾ ਸੀ ਅਤੇ ਛੇਤੀ ਪਰਤਣ ਵਾਲਾ ਨਹੀਂ ਸੀ।

ਉਹ ਸੋਚਦਾ ਸੀ ਕਿ ਆਪਣੀ ਖਾਲਸ ਵਫ਼ਾਦਾਰੀ ਸਦਕਾ ਉਹ ਸਿਆਸੀ ਪੈਂਠ ਬਣਾਈ ਰੱਖਣ, ਆਪਣੀ ਗੱਲ ਕਹਿਣ ਅਤੇ ਸਿਆਸੀ ਅਥਾਰਟੀ ਜਤਾਉਣ ਦਾ ਹੱਕਦਾਰ ਸੀ ਜਿਸ ਨੂੰ ਸਵੀਕਾਰ ਕਰਨ ਵਿੱਚ ਸੋਨੀਆ ਗਾਂਧੀ ਸਹਿਜ ਮਹਿਸੂਸ ਨਹੀਂ ਸੀ ਕਰਦੀ। ਆਖ਼ਰਕਾਰ, ਉਹ ਇਹ ਮਹਿਸੂਸ ਕਰਨ ਲੱਗਾ ਕਿ ਉਸ ਨੂੰ ਆਪਣੀ ਵਫ਼ਾਦਾਰੀ ਦਾ ਬਣਦਾ ਸਿਲਾ ਨਹੀਂ ਮਿਲਿਆ। ਉਸ ਨੇ ਮਹਿਸੂਸ ਕੀਤਾ ਕਿ ਰਾਹੁਲ ਅਤੇ ਪ੍ਰਿਯੰਕਾ ਉਸ ਤੋਂ ਦੂਰ ਰਹਿੰਦੇ ਹਨ ਜੋ 'ਨਵੀਂ ਸਿਆਸਤ' ਕਰਨੀ ਚਾਹੁੰਦੇ ਹਨ।

ਉਹ ਨਹਿਰੂ ਦੇ ਭਾਰਤ ਵਿੱਚ ਕੀਤੇ ਗਏ ਬਦਲਾਅ ਤੋਂ ਨਾਖ਼ੁਸ਼ ਅਤੇ ਨਿਰਾਸ਼ ਆਦਮੀ ਵਜੋਂ ਅੱਖਾਂ ਮੀਟ ਗਿਆ। ਉਂਜ, ਆਖ਼ਿਰ ਤਕ ਉਹ ਮਾਣਮੱਤਾ ਵਿਅਕਤੀ ਰਿਹਾ ਕਿਉਂਕਿ ਉਹ ਨਿੱਜੀ ਤੌਰ 'ਤੇ ਬੇਹੱਦ ਦਿਆਨਤਦਾਰ ਸ਼ਖ਼ਸ ਸੀ।

ਐਤਵਾਰ ਨੂੰ ਛੱਡ ਕੇ ਬਾਕੀ ਛੇ ਦਿਨ ਜ਼ਿਆਦਾਤਰ ਅਖ਼ਬਾਰ ਸੰਪਾਦਕੀ ਪੰਨਿਆਂ ਉੱਤੇ ਆਪਣਾ 'ਨਜ਼ਰੀਆ' ਪ੍ਰਗਟਾਉਣ ਦੇ ਪਾਬੰਦ ਹਨ। ਇਹ ਪਾਵਨ ਗੀਤ ਪੂਰੇ ਨੇਮ ਤੇ ਤਨਦੇਹੀ ਨਾਲ ਨਿਭਾਉਣੀ ਹੁੰਦੀ ਹੈ। 'ਸੰਪਾਦਕੀਆਂ' ਕਿਸੇ ਅਖ਼ਬਾਰ ਦੀ ਪ੍ਰਮਾਣਿਕ ਆਵਾਜ਼ ਹੁੰਦੀਆਂ ਹਨ। ਦਾਲ ਵਿੱਚ ਕੁਝ ਕਾਲਾ ਦੇਖਣ ਵਿੱਚ 'ਸੰਪਾਦਕੀਆਂ' ਪਾਠਕ ਦੀ ਮਦਦ ਕਰਦੀਆਂ ਹਨ; ਅਤੇ ਬਹੁਤੀ ਵਾਰ ਤਕਰੀਬਨ ਪੂਰੀ ਦਾਲ ਹੀ ਕਾਲੀ ਹੁੰਦੀ ਹੈ।

ਪ੍ਰਮੁੱਖ ਅਖ਼ਬਾਰਾਂ ਵਿੱਚ ਹਰ ਸੰਪਾਦਕ ਕੋਲ 'ਸੰਪਾਦਕੀ ਲੇਖਕਾਂ' ਦੀ ਟੀਮ ਹੁੰਦੀ ਹੈ। ਇਹ ਜ਼ਿਆਦਾਤਰ ਸ਼ਬਦਾਂ ਦੇ ਅਗਿਆਤ ਜਾਦੂਗਰ ਹੁੰਦੇ ਹਨ ਜੋ ਬਹੁਤ ਖ਼ਾਸ ਕਿਸਮ ਦੀ ਕਲਾਕਾਰੀ ਦੀ ਮੁਹਾਰਤ ਰੱਖਦੇ ਹਨ। ਅਤੇ ਇਹ ਕਲਾ ਸੁਖਾਲਿਆਂ ਹੀ ਨਹੀਂ ਆਉਂਦੀ; ਇਸ ਲਈ ਭਾਸ਼ਾ ਦਾ ਚੋਖਾ ਗਿਆਨ ਹੋਣਾ ਚਾਹੀਦਾ ਹੈ, ਸਮਾਜਿਕ ਤੇ ਆਰਥਿਕ ਤਾਕਤਾਂ ਦੀ ਸੂਖ਼ਮ ਸਮਝ ਹੋਣੀ ਚਾਹੀਦੀ ਹੈ ਅਤੇ ਢੁੱਕਵੇਂ ਤੱਥਾਂ ਨਾਲ ਦਲੀਲ ਦੇਣ ਦਾ ਗੁਣ ਹੋਣਾ ਚਾਹੀਦਾ ਹੈ; ਨਾਲ ਹੀ ਅਨਿਆਂ, ਅਨੁਚਿਤਤਾ ਅਤੇ ਦੋਗਲੇਪਣ ਉੱਤੇ ਗੁੱਸਾ ਹੋਣ ਦੀ ਸਮਰੱਥਾ ਹੋਣੀ ਚਾਹੀਦੀ ਹੈ, ਅਤੇ ਸਭ ਤੋਂ ਵੱਡੀ ਗੱਲ, ਪੂਰੀ ਅਥਾਰਿਟੀ, ਪੂਰੇ ਦਾਬੇ ਨਾਲ ਗੱਲ ਕਹਿਣ ਦਾ ਸਾਹਸ ਹੋਣਾ ਚਾਹੀਦਾ ਹੈ।

ਮੇਰੇ ਸੀਨੀਅਰ ਸਾਥੀ ਅਤੇ ਸੰਯੁਕਤ-ਸੰਪਾਦਕ ਨਿਰਮਲ ਸੰਧੂ, ਜੋ 30 ਸਤੰਬਰ ਨੂੰ ਸੇਵਾਮੁਕਤ ਹੋਏ ਹਨ, ਇਸ ਕਲਾ ਦੇ ਮਾਹਿਰ ਹਨ। ਦੋ ਦਹਾਕੇ ਉਹ 'ਟ੍ਰਿਬਿਊਨ' ਦੇ 'ਸੰਪਾਦਕੀ ਮੰਡਲ' ਦੇ ਮੈਂਬਰ ਰਹੇ। ਪਿਛਲੇ ਕਈ ਸਾਲਾਂ ਦੌਰਾਨ ਉਨ੍ਹਾਂ ਨੇ 'ਸੰਪਾਦਕੀਆਂ' ਲਿਖਣ ਦਾ ਵੱਡਾ ਬੋਝ ਉਠਾਇਆ ਅਤੇ ਨਾਲ ਹੀ ਸੰਪਾਦਕੀ ਪੰਨੇ ਦੀ ਦੇਖ-ਰੇਖ ਵੀ ਕਰਦੇ ਰਹੇ। ਉਨ੍ਹਾਂ ਦੀਆਂ ਲਿਖਤਾਂ ਵਿੱਚ ਹਰ ਰੋਜ਼ ਬੌਧਿਕ ਮਜ਼ਬੂਤੀ ਅਤੇ ਸਿਆਸੀ ਸੂਝ-ਬੂਝ ਦਾ ਮੁਜ਼ਾਹਰਾ ਹੁੰਦਾ ਸੀ। ਉਨ੍ਹਾਂ ਦੀ ਮੁਖਤਸਰ ਅਤੇ ਤਿੱਖੀ ਲੇਖਣੀ ਦੀ ਬਦੌਲਤ ਅਕਸਰ ਮੇਰੀ ਸ਼ਲਾਘਾ ਹੁੰਦੀ ਸੀ ਅਤੇ ਮੈਂ ਅਕਸਰ ਇਹ ਦਾਦ ਆਪਣੇ ਖਾਤੇ ਪਾ ਲੈਂਦਾ ਰਿਹਾ ਸਾਂ।

ਨਿਰਮਲ ਸੰਧੂ ਦਿਲੋਂ ਟ੍ਰਿਬਿਊਨ ਵਾਲਾ ਬੰਦਾ ਹੈ। ਮਾਣਮੱਤਾ, ਦਿਆਨਤਦਾਰ ਅਤੇ ਸੂਝਵਾਨ; ਇਹ ਉਹ ਬੁਨਿਆਦੀ ਤੇ ਜ਼ਰੂਰੀ ਗੁਣ ਹਨ ਜੋ ਟ੍ਰਿਬਿਊਨ ਸਮੂਹ ਆਪਣੇ ਸਾਰੇ ਪੱਤਰਕਾਰਾਂ ਅੰਦਰ ਉਕਾਰਨਾ ਤੇ ਦ੍ਰਿੜ੍ਹਾਉਣਾ ਲੋਚਦਾ ਹੈ। ਨਿਰਮਲ ਸੰਧੂ ਹੋਰੀਂ ਚੰਡੀਗੜ੍ਹ ਛੱਡ ਕੇ ਅੰਮ੍ਰਿਤਸਰ ਜਾ ਵੱਸਣ ਦਾ ਡਰਾਵਾ ਦੇ ਰਹੇ ਹਨ। ਉਹ ਅੰਮ੍ਰਿਤਸਰ ਜੋ ਪੰਜਾਬ ਦੀ ਧਰਤੀ ਦਾ ਸਭ ਤੋਂ ਵਧੇਰੇ ਖਾਲਸ ਟੁਕੜਾ ਹੈ। ਮੈਂ ਉਨ੍ਹਾਂ ਨਾਲ ਕੌਫ਼ੀ ਦਾ ਕੱਪ ਸਾਂਝਾ ਕਰਨ ਲਈ ਅੰਮ੍ਰਿਤਸਰ ਜਾਣ ਦਾ ਹਰ ਬਹਾਨਾ ਲੱਭਣ ਦੀ ਕੋਸ਼ਿਸ਼ ਕਰਦਾ ਰਹਾਂਗਾ। ਆਮੀਨ!

# ਲਗਾਤਾਰ ਵਧ ਰਿਹਾ 'ਰੋਜ਼ਗਾਰ ਸੰਕਟ

**ਰਿਪੋਰਟ ਅਨੁਸਾਰ ਬੇਰੁਜ਼ਗਾਰਾਂ ਵਿੱਚ ਸਭ ਤੋਂ ਵਧੇਰੇ ਲੋਕ 'ਨਿਰਮਾਣ ਕਾਰਜ' ਭਾਵ ਕੰਸਟਰਕਸ਼ਨ ਦੇ ਕੰਮਾਂ ਨਾਲ ਜੁੜੇ ਹੋਏ ਸਨ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਤਾਲਾਬੰਦੀ ਨਾਲ ਜੋ ਨੁਕਸਾਨ ਹੋਇਆ ਹੈ, ਇਸਦੀ ਭਰਪਾਈ ਕਰਨ ਅਤੇ ਗੱਡੀ ਦੁਬਾਰਾ ਲੀਹ 'ਤੇ ਲਿਆਉਣ ਵਿੱਚ ਖ਼ਾਸਾ ਵਕਤ ਲੱਗੇਗਾ। ਇਸ ਦੌਰਾਨ ਹੁਣ ਸਰਕਾਰ ਸਾਹਮਣੇ ਵੱਡੀ ਚੁਣੌਤੀ ਰੁਜ਼ਗਾਰ ਮੁਹਈਆ ਕਰਵਾਉਣ ਦੀ ਹੋਵੇਗੀ। ਇਹਨਾਂ ਵਿੱਚ ਇੱਕ ਤਾਂ ਉਹ ਵਰਗ ਹੈ ਜਿਸਦਾ ਰੁਜ਼ਗਾਰ ਤਾਲਾਬੰਦੀ ਦੌਰਾਨ ਚਲਾ ਗਿਆ। ਦੂਸਰਾ ਵਰਗ ਉਸ ਬੇਰੁਜ਼ਗਾਰ ਨੌਜਵਾਨ ਪੀੜ੍ਹੀ ਹੈ, ਜਿਹੜੀ ਪਹਿਲਾਂ ਤੋਂ ਹੀ ਆਪਣੇ ਸਰਟੀਫਿਕੇਟਾਂ ਦਾ ਭਾਰ ਚੁੱਕ ਨੌਕਰੀ ਲਈ ਥਾਂ-ਥਾਂ ਧੱਕੇ ਖਾ ਰਹੀ ਸੀ। ਰਿਪੋਰਟ ਇਸ ਗੱਲ ਵੱਲ ਵੀ ਇਸ਼ਾਰਾ ਕਰ ਰਹੀ ਹੈ ਕਿ ਤਾਲਾਬੰਦੀ ਦਾ ਸਭ ਤੋਂ ਵੱਧ ਅਸਰ ਵੀਹ ਤੋਂ ਪੱਚੀ ਸਾਲ ਦੀ ਨੌਜਵਾਨ ਪੀੜ੍ਹੀ ਉੱਤੇ ਪਿਆ ਹੈ, ਜਿੰਨਾ ਨੂੰ ਹਾਲ ਵਿੱਚ ਹੀ ਕੋਈ ਕੰਮ-ਧੰਦਾ ਮਿਲਿਆ ਸੀ ਪ੍ਰੰਤੂ ਤਾਲਾਬੰਦੀ ਵਿੱਚ ਉਹ ਵੀ ਹੱਥੋਂ ਨਿਕਲ ਗਿਆ।**

ਅੰਤਰਰਾਸ਼ਟਰੀ ਲੇਬਰ ਸੰਗਠਨ (9:+) ਅਤੇ ਏਸ਼ੀਆਈ ਵਿਕਾਸ ਬੈਂਕ (142) ਦੀ ਕਰੋਨਾ ਕਾਲ ਦੌਰਾਨ ਆਈ ਰਿਪੋਰਟ ਨੇ ਭਾਰਤ ਦੀ ਰੁਜ਼ਗਾਰ ਪ੍ਰਤੀ ਚਿੰਤਾ ਹੋਰ ਵਧਾ ਦਿੱਤੀ ਹੈ। ਦੋਨੋਂ ਸੰਸਥਾਵਾਂ ਦੀ ਇਸ ਸਾਂਝੀ ਰਿਪੋਰਟ ਵਿੱਚ ਭਾਰਤ ਦੀ ਰੋਜ਼ਗਾਰ ਸਥਿਤੀ ਨੂੰ ਲੈ ਕੇ ਡੂੰਘੀ ਚਿੰਤਾ ਜਤਾਈ ਗਈ ਹੈ। ਇਹ ਰਿਪੋਰਟ ਕਈ ਅਧਿਐਨਾਂ ਤੋਂ ਬਾਅਦ ਹੋਂਦ ਵਿੱਚ ਆਈ ਹੈ, ਜਿਸ ਨੂੰ ਨਜ਼ਰਅੰਦਾਜ਼ ਤਾਂ ਕਦੀ ਵੀ ਨਹੀਂ ਕੀਤਾ ਜਾ ਸਕਦਾ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਜੋ ਲਾਕਡਾਊਨ ਦੇਸ਼ ਭਰ ਅੰਦਰ ਜਾਰੀ ਕੀਤਾ ਗਿਆ, ਉਸ ਅੰਤਰਗਤ 41 ਲੱਖ ਤੋਂ ਜ਼ਿਆਦਾ ਲੋਕ ਬੇਰੁਜ਼ਗਾਰ ਹੋਏ ਹਨ। ਇੱਥੇ ਦੱਸਣਯੋਗ ਹੈ ਕਿ ਇਹ ਅੰਕੜਾ ਜ਼ਿਆਦਾਤਰ ਸ਼ਹਿਰੀ ਪ੍ਰਾਇਵੇਟ ਸੈਕਟਰ ਤੋਂ ਲਿਆ ਗਿਆ ਹੈ। ਜੇਕਰ ਗ੍ਰਾਮੀਣ ਖੇਤਰ ਨੂੰ ਵੀ ਇਸ ਵਿੱਚ ਲਿਆਂਦਾ ਜਾਵੇ ਤਾਂ ਹਾਲਾਤ ਇਸ ਤੋਂ ਵੀ ਬਦਤਰ ਨਜ਼ਰ ਆਉਣਗੇ।

ਰਿਪੋਰਟ ਅਨੁਸਾਰ ਬੇਰੁਜ਼ਗਾਰਾਂ ਵਿੱਚ ਸਭ ਤੋਂ ਵਧੇਰੇ ਲੋਕ 'ਨਿਰਮਾਣ ਕਾਰਜ' ਭਾਵ ਕੰਸਟਰਕਸ਼ਨ ਦੇ ਕੰਮਾਂ ਨਾਲ ਜੁੜੇ ਹੋਏ ਸਨ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਤਾਲਾਬੰਦੀ ਨਾਲ ਜੋ ਨੁਕਸਾਨ ਹੋਇਆ ਹੈ, ਇਸਦੀ ਭਰਪਾਈ ਕਰਨ ਅਤੇ ਗੱਡੀ ਦੁਬਾਰਾ ਲੀਹ 'ਤੇ ਲਿਆਉਣ ਵਿੱਚ ਖ਼ਾਸਾ ਵਕਤ ਲੱਗੇਗਾ। ਇਸ ਦੌਰਾਨ ਹੁਣ ਸਰਕਾਰ ਸਾਹਮਣੇ ਵੱਡੀ ਚੁਣੌਤੀ ਰੁਜ਼ਗਾਰ ਮੁਹਈਆ ਕਰਵਾਉਣ ਦੀ ਹੋਵੇਗੀ। ਇਹਨਾਂ ਵਿੱਚ ਇੱਕ ਤਾਂ ਉਹ ਵਰਗ ਹੈ ਜਿਸਦਾ ਰੁਜ਼ਗਾਰ ਤਾਲਾਬੰਦੀ ਦੌਰਾਨ ਚਲਾ ਗਿਆ। ਦੂਸਰਾ ਵਰਗ ਉਸ ਬੇਰੁਜ਼ਗਾਰ ਨੌਜਵਾਨ ਪੀੜ੍ਹੀ ਹੈ, ਜਿਹੜੀ ਪਹਿਲਾਂ ਤੋਂ ਹੀ ਆਪਣੇ ਸਰਟੀਫਿਕੇਟਾਂ ਦਾ ਭਾਰ ਚੁੱਕ ਨੌਕਰੀ ਲਈ ਥਾਂ-ਥਾਂ ਧੱਕੇ ਖਾ ਰਹੀ ਸੀ। ਰਿਪੋਰਟ ਇਸ ਗੱਲ ਵੱਲ ਵੀ ਇਸ਼ਾਰਾ ਕਰ ਰਹੀ ਹੈ ਕਿ ਤਾਲਾਬੰਦੀ ਦਾ ਸਭ ਤੋਂ ਵੱਧ ਅਸਰ ਵੀਹ ਤੋਂ ਪੱਚੀ ਸਾਲ ਦੀ ਨੌਜਵਾਨ ਪੀੜ੍ਹੀ ਉੱਤੇ ਪਿਆ ਹੈ, ਜਿੰਨਾ ਨੂੰ ਹਾਲ ਵਿੱਚ ਹੀ ਕੋਈ ਕੰਮ-ਧੰਦਾ ਮਿਲਿਆ ਸੀ ਪ੍ਰੰਤੂ ਤਾਲਾਬੰਦੀ ਵਿੱਚ ਉਹ ਵੀ ਹੱਥੋਂ ਨਿਕਲ ਗਿਆ। ਸਰਕਾਰਾਂ ਨੂੰ ਆਪਣੀਆਂ ਪਾਲਸੀਆਂ ਵਿੱਚ ਨੌਜਵਾਨ ਵਰਗ ਨੂੰ ਵਿਸ਼ੇਸ਼ ਦਰਜਾ ਦੇਣਾ ਚਾਹੀਦਾ ਹੈ ਕਿਉਂਕਿ ਕਿਸੇ ਵੀ ਦੇਸ਼ ਦੀ ਅਰਥ ਵਿਵਸਥਾ ਅਤੇ ਤਰੱਕੀ ਨੌਜਵਾਨੀ ਨਾਲ ਵੱਡੇ ਪੱਧਰ 'ਤੇ ਜੁੜੀ ਹੁੰਦੀ ਹੈ। ਪ੍ਰੰਤੂ ਇੱਥੇ ਵੱਡੀ ਚਿੰਤਾ ਦਾ ਵਿਸ਼ਾ ਇਹ ਵੀ ਹੈ ਕਿ ਦੇਸ਼ ਦੀ ਅਰਥ ਵਿਵਸਥਾ ਪੂਰੀ ਤਰ੍ਹਾਂ ਸੁਸਤ ਹੋ ਚੁੱਕੀ ਹੈ, ਅਤੇ ਅਜਿਹਾ ਜਾਪ ਰਿਹਾ ਹੈ ਕਿ ਇਹ ਸੁਸਤੀ ਦਾ ਮੰਜ਼ਰ ਅਜੇ ਹੋਰ ਲੰਮਾ ਚੱਲੇਗਾ।

ਇਸ ਆਰਥਿਕ ਸੰਕਟ ਵਿਚਕਾਰ ਲੋਕ ਆਪਣਾ ਕੰਮ-ਧੰਦਾ ਦੁਬਾਰਾ ਕਿਵੇਂ ਸ਼ੁਰੂ ਕਰਨ, ਫਿਲਹਾਲ ਇਸਦਾ ਵੀ ਕੋਈ ਹੱਲ ਨਜ਼ਰੀਂ ਨਹੀਂ ਪੈ ਰਿਹਾ। ਕਰੋਨਾ ਕਾਲ ਦੌਰਾਨ ਸਭ ਤੋਂ ਵਧੇਰੇ ਰੁਜ਼ਗਾਰ ਪ੍ਰਾਇਵੇਟ ਸੈਕਟਰ ਵਿੱਚ ਕੰਮ ਕਰਨ ਵਾਲੇ ਲੋਕਾਂ ਦਾ ਗਿਆ ਹੈ ਕਿਉਂਕਿ ਉਨ੍ਹਾਂ ਦੀਆਂ ਨੌਕਰੀਆਂ ਸਥਾਈ ਨਹੀਂ ਹਨ। ਇਸ ਵਿੱਚ ਜ਼ਿਆਦਾਤਰ ਲੋਕ ਠੇਕੇ ਅਤੇ ਦਿਹਾੜੀ ਮਜ਼ਦੂਰੀ ਦਾ ਕੰਮ ਹੀ ਕਰਦੇ ਹਨ। ਲੇਬਰ ਕਾਨੂੰਨ ਦਾ ਪਾਲਣ ਵੀ ਹਰ ਜਗ੍ਹਾ ਨਹੀਂ ਹੋਇਆ, ਜਿਸਦਾ ਨਤੀਜਾ ਇਹ ਨਿਕਲਿਆ ਕਿ ਤਾਲਾਬੰਦੀ ਦੇ ਸ਼ੁਰੂ ਹੁੰਦਿਆਂ ਸਾਰ ਹੀ ਦਰਮਿਆਨੇ ਅਤੇ ਛੋਟੇ ਕਾਰਖਾਨੇ ਬੰਦ ਹੋ ਗਏ ਅਤੇ ਮਾਲਕਾਂ ਵੱਲੋਂ ਮਜ਼ਦੂਰਾਂ ਨੂੰ ਕੰਮ ਤੋਂ ਹਟਾ ਦਿੱਤਾ ਗਿਆ। ਉਸ ਸਮੇਂ ਖੁਦ ਸਰਕਾਰਾਂ ਨੂੰ ਅੱਗੇ ਆ ਕੇ ਭੁੱਖੇ ਮਰ ਰਹੇ ਮਜ਼ਦੂਰਾਂ, ਦਿਹਾੜੀਦਾਰਾਂ ਦੀ ਬਾਂਹ ਫੜਕੇ ਆਰਥਿਕ ਮਦਦ ਕਰਨੀ ਚਾਹੀਦੀ ਸੀ। ਪ੍ਰੰਤੂ ਪ੍ਰਧਾਨ ਮੰਤਰੀ ਮੋਦੀ ਵਾਰ-ਵਾਰ ਪਹਿਲੀ ਤਾਲਾਬੰਦੀ ਦੌਰਾਨ ਇਹੀ ਕਹਿ ਰਹੇ ਸਨ ਕਿ ਕਾਰਖਾਨਾ ਮਾਲਕ ਆਪਣੇ ਨਾਲ ਜੁੜੇ ਲੋਕਾਂ ਨੂੰ ਕੰਮ ਤੋਂ ਨਾ ਹਟਾਉਣ ਅਤੇ ਉਨ੍ਹਾਂ ਨੂੰ ਤਨਖਾਹ ਦੇਣ। ਚਲੋ! ਵੱਡੇ ਉਦਯੋਗਪਤੀ ਤਾਂ ਤਨਖਾਹ ਦੇ ਸਕਦੇ ਸਨ। ਪ੍ਰੰਤੂ ਛੋਟੇ ਕਾਰਖਾਨਾ ਮਾਲਕਾਂ ਦਾ ਆਪਣਾ ਇੱਕ ਤਰਕ ਸੀ ਕਿ ਜਦੋਂ ਉਹਨਾਂ ਦਾ ਕੁਝ ਵਿਕ ਹੀ ਨਹੀਂ ਰਿਹਾ, ਸਭ ਕੁਝ ਠੱਪ ਹੋ ਗਿਆ ਹੈ ਆਮਦਨ ਦਾ ਕੋਈ ਜ਼ਰੀਆ ਨਹੀਂ ਰਿਹਾ ਤਾਂ ਉਹ ਕਰਮਚਾਰੀਆਂ ਨੂੰ ਤਨਖਾਹਾਂ ਕਿੱਥੋਂ ਦੇ ਸਕਦੇ ਹਨ। ਹਾਲਾਂਕਿ ਸਰਕਾਰ ਨੇ ਬਾਅਦ ਵਿੱਚ ਵੱਖ-ਵੱਖ ਖੇਤਰਾਂ ਜਿਵੇਂ ਛੋਟੇ ਉਦਯੋਗ, ਕਾਰੋਬਾਰੀ, ਕਿਸਾਨ ਅਤੇ ਲੇਬਰ ਮਜ਼ਦੂਰ ਨੂੰ ਇਸ ਕਰੋਨਾ ਰੂਪੀ ਸੰਕਟ ਵਿੱਚੋਂ ਕੱਢਣ ਲਈ 20 ਲੱਖ ਕਰੋੜ ਰੁਪਏ ਦਾ ਵੱਡਾ ਰਾਹਤ ਪੈਕੇਜ ਜਾਰੀ ਕੀਤਾ ਸੀ ਪ੍ਰੰਤੂ ਅਜੇ ਤਕ ਇਸ ਪੈਕੇਜ ਦੀ ਵੀ ਪੂਰੀ ਤਰ੍ਹਾਂ ਹਵਾ ਨਿਕਲੀ ਹੋਈ ਹੈ।

ਜ਼ਮੀਨੀ ਸਤਰ 'ਤੇ ਕਿਸੇ ਵੀ ਲੋੜਵੰਦ ਵਰਗ ਨੂੰ ਇਹ ਪੈਕੇਜ ਕੋਈ ਰਾਹਤ ਦਿੰਦਾ ਨਜ਼ਰ ਨਹੀਂ ਆ ਰਿਹਾ। ਇਸਦੇ ਚੰਗੇ ਨਤੀਜੇ ਨਾ ਵਿਖਾਈ ਦੇਣ ਦਾ ਕਾਰਨ ਇਹ ਵੀ ਹੈ ਕਿ ਸਰਕਾਰ ਨੇ ਬੱਸ ਕਰਜ਼ਾ ਲੈਣ ਵਿੱਚ ਹੀ ਆਸਾਨੀ ਕੀਤੀ ਹੈ। ਪ੍ਰੰਤੂ ਅੱਜ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਕੋਈ ਵੀ ਵਰਗ ਕਰਜ਼ਾ ਲੈਣ ਲਈ ਤਿਆਰ ਨਹੀਂ ਹੈ ਕਿਉਂਕਿ ਕਰੋਨਾ ਵਾਇਰਸ ਦਾ ਹਾਲੇ ਤਕ ਕੋਈ ਸੁਰ ਪਤਾ ਨਹੀਂ ਚੱਲ ਰਿਹਾ ਕਿ ਇਹ ਮੌਤ ਸਾਡੇ ਸਿਰ 'ਤੇ ਕਿੰਨਾ ਸਮਾਂ ਮੰਡਰਾਉਂਦੀ ਰਹੇਗੀ। ਇਸੇ ਕਾਰਨ ਹਾਲ ਦੀ ਘੜੀ ਕੋਈ ਵੀ ਆਪਣੇ ਆਪ ਨੂੰ ਕਰਜ਼ੇ ਦੇ ਚੁੰਗਲ ਵਿੱਚ ਫਸਾਉਣਾ ਨਹੀਂ ਚਾਹੁੰਦਾ।

ਦੂਜਾ, ਕਿਸਾਨ ਤਾਂ ਪਹਿਲਾਂ ਤੋਂ ਹੀ ਕਰਜ਼ੇ ਵਿੱਚ ਇੰਨਾ ਦੱਬਿਆ ਹੋਇਆ ਹੈ ਕਿ ਕੋਈ ਵੀ ਸੂਝਵਾਨ ਵਿਅਕਤੀ ਹੋਰ ਵਾਧੂ ਕਰਜ਼ਾ ਲੈ ਕੇ ਆਪਣੀ ਜਾਨ ਨਵੀਂ ਮੁਸੀਬਤ ਵਿੱਚ ਨਹੀਂ ਪਾਉਣੀ ਚਾਹੁੰਦਾ। ਚਾਹੇ ਸਰਕਾਰ ਦਾਅਵਾ ਕਰਦੀ ਹੈ ਕਿ ਹਰ ਵਰਗ ਨੂੰ ਪੂਨਰ ਨਿਰਮਾਣ ਲਈ ਬਿਆਜ ਦਰਾਂ ਵਿੱਚ ਵੱਡੀ ਛੋਟ ਦਿੱਤੀ ਜਾਵੇਗੀ ਪਰ ਸਰਕਾਰ ਦੀ ਵੱਡੇ ਪੂੰਜੀਪਤੀਆਂ ਪ੍ਰਤੀ ਢੁੱਕਵੀਂ ਅਤੇ ਦਰਮਿਆਨੇ ਵਰਗ ਪ੍ਰਤੀ ਮਾਰੂ ਨੀਤੀ ਅਤੇ ਸਰਕਾਰਾਂ ਦੇ ਪਹਿਲੇ ਵਰਤਾਰੇ ਨੂੰ ਦੇਖਦੇ ਹੋਏ ਕੋਈ ਵੀ ਇਨ੍ਹਾਂ ਗੱਲਾਂ ਉੱਤੇ ਯਕੀਨ ਨਹੀਂ ਕਰ ਰਿਹਾ। (ਆਈ.ਐੱਲ.ਓ) ਅਤੇ (ਏ.ਡੀ.ਬੀ) ਨੇ ਇਹ ਰਿਪੋਰਟ ਏਸ਼ੀਆ ਦੇ ਕਈ ਮੁਲਕਾਂ ਲਈ ਤਿਆਰ ਕੀਤੀ ਹੈ ਅਤੇ ਸਰਕਾਰਾਂ ਨੂੰ ਇਹ ਚਿਤਾਵਣੀ ਦਿੱਤੀ ਹੈ ਕਿ ਜੇਕਰ ਸਮਾਂ ਰਹਿੰਦੇ ਨੌਜਵਾਨਾਂ ਨੂੰ ਰੋਜ਼ਗਾਰ ਮੁਹਈਆ ਨਾ ਕਰਵਾਇਆ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਦੇਸ਼ ਦੀ ਸਥਿਤੀ ਹੋਰ ਵੀ ਭਿਆਨਕ ਹੋ ਜਾਵੇਗੀ। ਹੁਣ ਸਰਕਾਰ ਦੀ ਇਹ ਪਹਿਲ ਹੋਣੀ ਚਾਹੀਦੀ ਹੈ ਕਿ ਬੁਰੀ ਤਰ੍ਹਾਂ ਢਹਿ ਚੁੱਕੇ ਪ੍ਰਾਇਵੇਟ ਸੈਕਟਰ ਨੂੰ ਆਰਥਿਕ ਸੰਕਟ ਵਿੱਚੋਂ ਕੱਢ ਕੇ ਦੁਬਾਰਾ ਖੜ੍ਹਾ ਕੀਤਾ ਜਾਵੇ ਕਿਉਂਕਿ ਪੜ੍ਹੇ-ਲਿਖੇ ਰੁਜ਼ਗਾਰ ਦੀ ਭਾਲ ਵਿੱਚ ਭਟਕ ਰਹੇ ਸਰਕਾਰੀ ਨੌਕਰੀਆਂ ਤੋਂ ਵਾਂਝੇ ਨੌਜਵਾਨਾਂ ਲਈ ਪ੍ਰਾਈਵੇਟ ਸੈਕਟਰ ਕਿਸੇ ਸੰਜੀਵਨੀ ਤੋਂ ਘੱਟ ਨਹੀਂ ਹੈ। ਬੇਰੁਜ਼ਗਾਰ ਲੋਕਾਂ ਨੂੰ ਰੋਜ਼ਗਾਰ ਮੁਹਈਆ ਕਰਵਾਉਣ ਲਈ ਹੁਣ ਸਰਕਾਰ ਨੂੰ ਅਜਿਹੇ ਕਦਮ ਚੁੱਕਣ ਦੀ ਸਖ਼ਤ ਲੋੜ ਹੈ ਜਿਸਦੇ ਪਰਿਣਾਮ ਵੀ ਤਤਕਾਲ ਹੀ ਦਿਖਾਈ ਦੇਣੇ ਸ਼ੁਰੂ ਹੋਣ।

**ਲੇਖਕ : - ਰਣਜੀਤ ਸਿੰਘ ਹਿਟਲਰ**

# ਕੈਨੇਡਾ ਵਿੱਚ ਗ਼ਦਰੀ ਬਾਬੇ ਭਾਈ ਭਾਗ ਸਿੰਘ ਭਿੱਖੀਵਿੰਡ ਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਦੀ ਸ਼ਹਾਦਤ

ਕੈਨੇਡਾ ਦੀ ਧਰਤੀ ਤੇ ਵਾਪਰੀ ਇਹ ਘਟਨਾ 5 ਸਤੰਬਰ 1914 ਈਸਵੀ ਦੀ ਹੈ। ਸਥਾਨ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ, ਸੈਕਿੰਡ ਐਵੀਨਿਊ 'ਤੇ ਬਣਿਆ ਪਹਿਲਾ ਗੁਰਦੁਆਰਾ ਸੀ। ਸਮਾਂ ਸ਼ਾਮ ਦੇ ਕਰੀਬ ਸੱਤ ਵੱਜਣ 'ਚ ਕੁਝ ਕੁ ਮਿੰਟ ਬਾਕੀ ਸਨ। ਅਰਜਨ ਸਿੰਘ ਨਾਂ ਦੇ ਇੱਕ ਵਿਅਕਤੀ ਦੇ ਸੰਸਕਾਰ ਮਗਰੋਂ ਪਾਠ ਦਾ ਭੋਗ ਪੈ ਚੁੱਕਾ ਸੀ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਅਰਦਾਸ ਹੋਣ ਹੀ ਲੱਗੀ ਸੀ ਕਿ ਭਾਈ ਭਾਗ ਸਿੰਘ ਭਿੱਖੀਵਿੰਡ ਦੇ ਪਿੱਛੇ ਬੈਠੇ ਬੇਲਾ ਜਿਆਣ ਨੇ ਦੋਵਾਂ ਹੱਥਾਂ ਚ ਪਿਸਤੌਲ ਫੜ ਲਈ ਅਤੇ ਭਾਈ ਭਾਗ ਸਿੰਘ ਦੀ ਪਿੱਠ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਇਹ ਵੇਖਦਿਆਂ ਸਾਰ ਹੀ ਅਰਦਾਸ 'ਚ ਖੜ੍ਹੇ ਇਕ ਹੋਰ ਸ਼ਖਸ ਭਾਈ ਬਤਨ ਸਿੰਘ ਨੇ ਜਾਨ ਦੀ ਪ੍ਰਵਾਹ ਨਾ ਕਰਦਿਆਂ, ਹਥਿਆਰੇ ਨੂੰ ਧੌਣੋਂ ਜਾ ਫੜਿਆ ਅਤੇ ਦੁਸ਼ਟਤਾ ਕਰਨੋਂ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ। ਬੇਲਾ ਜਿਆਣ ਨੇ ਆਪਣੇ ਪਿਸਤੌਲ ਬਤਨ ਸਿੰਘ ਵੱਲ ਕਰ ਕੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਨ੍ਹਾਂ 'ਚੋਂ ਚਾਰ ਗੋਲੀਆਂ ਬਤਨ ਸਿੰਘ ਦੇ ਲੱਗੀਆਂ ਅਤੇ ਗੋਲੀਬਾਰੀ 'ਚ ਅੱਠ ਹੋਰ ਬੰਦੇ ਵੀ ਜ਼ਖ਼ਮੀ ਹੋ ਗਏ। ਹਮਲਾਵਰ ਨੂੰ ਬਤਨ ਸਿੰਘ ਵਲੋਂ ਫੜਨ ਕਰਕੇ ਉਲਝੇ ਬੇਲੇ ਦੇ ਨਿਸ਼ਾਨੇ 'ਤੇ ਇੱਕ ਹੋਰ ਯੋਧੇ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਬਚਾਅ ਹੋ ਗਿਆ, ਜੋ ਉਸ ਵੇਲੇ ਗੁਰਦੁਆਰੇ ਦੇ ਮੁੱਖ ਗ੍ਰੰਥੀ ਸਨ ਤੇ ਤਾਬਿਆਂ 'ਚ ਚੌਰ ਕਰ ਰਹੇ ਸਨ। ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿਨ੍ਹਾਂ ਚੋਂ ਭਾਈ ਭਾਗ ਸਿੰਘ ਪਿੰਡ ਭਿੱਖੀਵਿੰਡ ਤੇ ਭਾਈ ਬਤਨ ਸਿੰਘ ਪਿੰਡ ਦਲੇਲ ਸਿੰਘ ਵਾਲਾ ਸ਼ਹੀਦੀ ਪਾ ਗਏ ਤੇ ਬਾਕੀਆਂ ਦਾ ਇਲਾਜ ਚੱਲਦਾ ਰਿਹਾ। ਹਥਿਆਰੇ ਬੇਲੇ ਜਿਆਣ ਨੂੰ ਚਾਹੇ ਐਂਬੂਲੈਂਸ ਨੇੜਿਓਂ ਗ੍ਰਿਫ਼ਤਾਰ ਵੀ ਕਰ ਲਿਆ, ਪਰ ਮਗਰੋਂ ਸਰਕਾਰੀ ਝੋਲੀ ਚੁੱਕਾਂ ਦੇ ਸਿਰ 'ਤੇ ਉਹ ਰਿਹਾਅ ਹੋ ਗਿਆ, ਚਾਹੇ ਮਗਰੋਂ ਉਸ ਦੇ ਭਾਰਤ ਜਾਣ 'ਤੇ ਬਬਰ ਅਕਾਲੀ ਭਾਈ ਹਰੀ ਸਿੰਘ ਸੂੰਢ ਨੇ ਬੇਲਾ ਜਾਣ ਉਸ ਦੇ ਜੱਦੀ ਪਿੰਡ ਨੇੜੇ ਹੀ 9 ਦਸੰਬਰ 1933 ਨੂੰ ਪਾਰ ਬੁਲਾ ਦਿੱਤਾ।

106 ਵਰ੍ਹੇ ਪਹਿਲਾਂ ਵਾਪਰੀ ਇੱਕ ਕੋਈ ਸਾਧਾਰਨ ਘਟਨਾ ਨਹੀਂ, ਸਗੋਂ ਉੱਤਰੀ ਅਮਰੀਕਾ ਦੇ ਇਤਿਹਾਸ 'ਚ ਗੁਰਦੁਆਰੇ ਅੰਦਰ ਪਾਈਆਂ ਗਈਆਂ ਸ਼ਹੀਦੀਆਂ ਦੀ ਤਰਜਮਾਨੀ ਕਰਦਾ ਇਤਿਹਾਸਕ ਅਧਿਆਇ ਹੈ, ਜਿਸ ਵਿੱਚ ਕੈਨੇਡਾ ਦੇ ਮੋਢੀ ਸਿੱਖ ਸ਼ਹੀਦਾਂ ਦੀ ਕੁਰਬਾਨੀ ਅੰਕਤ ਹੈ। ਇਨ੍ਹਾਂ ਦੀ ਸ਼ਹਾਦਤ ਮਗਰੋਂ ਹੀ ਭਾਈ ਮੇਵਾ ਸਿੰਘ ਲੋਪੋਕੇ ਨੇ 21 ਅਕਤੂਬਰ 1914 ਈਸਵੀ ਨੂੰ ਵੈਨਕੂਵਰ ਦੀ ਕਚਹਿਰੀ 'ਚ ਅੰਗਰੇਜ਼ ਭਾਰਤੀ ਵਿਲੀਅਮ ਹਾਪਕਿਨਸਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਤੇ 11 ਜਨਵਰੀ 1915 ਨੂੰ ਹੱਸਦਿਆਂ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਪਾਈ ਸੀ। ਇਹ ਯੋਧੇ ਜਿੱਥੇ ਸਿੱਖ ਸ਼ਹੀਦ ਹਨ, ਉੱਥੇ ਹੀ ਗ਼ਦਰ ਲਹਿਰ ਨਾਲ ਸਬੰਧਿਤ ਮਹਾਨ ਸੂਰਬੀਰ ਵੀ ਸਨ, ਜਿਨ੍ਹਾਂ ਨੇ ਕੈਨੇਡਾ ਦੀ ਧਰਤੀ ਤੇ ਆ ਕੇ ਦੌਲਤ -ਸ਼ੋਹਰਤ ਕਮਾਉਣ ਦੀ ਥਾਂ ਕੌਮ ਦੀ ਸੇਵਾ ਨੂੰ ਪਹਿਲ ਦਿੱਤੀ। ਇਨ੍ਹਾਂ ਸ਼ਹੀਦਾਂ ਨੇ ਘਰ-ਬਾਰ ਉਜਾੜ ਕੇ ਕੌਮ ਦਾ ਘਰ ਬਣਾਉਣ ਲਈ ਹਰ ਕੁਰਬਾਨੀ ਦਿੱਤੀ। ਸ਼ਹੀਦ ਭਾਈ ਭਾਗ ਸਿੰਘ ਆਪਣੇ ਕੇਵਲ 32 ਮਹੀਨਿਆਂ ਦੇ ਪੁੱਤਰ ਜੋਗਿੰਦਰ ਸਿੰਘ ਸਣੇ ਅਮਰੀਕਾ ਦੇ ਸੂਮਸ ਜੇਲ 'ਚ ਬੰਦ ਹੋਏ, ਜਦਕਿ ਭਾਈ ਬਤਨ ਸਿੰਘ ਨੇ ਗੋਲੀਆਂ ਵਰ੍ਹਾ ਰਹੇ ਸਰਕਾਰੀ ਮੁਖਬਰ ਬੇਲੇ ਨੂੰ ਗਲਿਓਂ ਧੂਹ ਕੇ ਖੁਦ ਮੌਤ ਨੂੰ ਸੱਦਾ ਦਿੱਤਾ। ਸ਼ਹੀਦ ਭਾਈ ਮੇਵਾ ਸਿੰਘ ਨੇ ਇਨ੍ਹਾਂ ਸ਼ਹੀਦਾਂ ਦੇ ਦੋਸ਼ੀ ਨੂੰ ਡੰਨ ਦੇਣ ਲਈ ਹਥਿਆਰ ਚੁੱਕਿਆ ਤੇ ਲਾੜੀ ਮੌਤ ਨਾਲ ਵਿਆਹ ਸਜਾਇਆ।

ਕੈਨੇਡਾ ਅਤੇ ਅਮਰੀਕਾ ਦੀ ਧਰਤੀ ਤੇ ਸੰਘਰਸ਼ ਕਰਨ ਵਾਲੇ ਗਦਰ ਲਹਿਰ ਦੇ ਯੋਧਿਆਂ ਦੀਆਂ ਮਹਾਨ ਕੁਰਬਾਨੀਆਂ ਹਨ। ਅੱਜ ਕੈਨੇਡਾ-ਅਮਰੀਕਾ ਅੰਦਰ, ਜਿਹੜੇ ਭਾਰਤੀ ਆਜ਼ਾਦੀ ਦਾ ਨਿੱਘ ਮਾਣਦੇ ਹਨ, ਉਸ ਆਜ਼ਾਦੀ ਦੇ ਸੰਕਲਪ ਪਿੱਛੇ ਇਨ੍ਹਾਂ ਯੋਧਿਆਂ ਦਾ ਡੁੱਲ੍ਹਿਆ ਲਹੂ ਹੀ ਹੈ। ਇੱਥੋਂ ਤੱਕ ਕਿ ਲਾਲ ਕਿਲੇ 'ਤੇ ਜਿਹੜਾ ਤਿਰੰਗਾ ਝੂਲਦਾ ਹੈ, ਉਸ ਦੀਆਂ ਨੀਂਹ 'ਚ ਵੀ ਗਦਰੀ ਬਾਬਿਆਂ ਦੀਆਂ ਮਾਸ ਤੇ ਹੱਡੀਆਂ ਮੌਜੂਦ ਹਨ, ਹਾਲਾਂਕਿ ਇਨ੍ਹਾਂ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਅੱਜ ਦੇ ਸਿਆਸਤਦਾਨਾਂ ਨੇ ਮੂਲੋਂ ਹੀ ਵਿਸਾਰ ਦਿੱਤਾ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਇਹ ਸ਼ਹੀਦ ਕੇਵਲ ਕੈਨੇਡਾ ਦੇ ਹੀ ਸ਼ਹੀਦ ਹਨ ? ਅੱਜ ਪੰਜਾਬ 'ਚ ਖਾਸ ਕਰਕੇ ਅਤੇ ਭਾਰਤ 'ਚ ਆਮ ਕਰਕੇ ਇਨ੍ਹਾਂ ਸ਼ਹੀਦਾਂ ਬਾਰੇ ਲੋਕਾਂ ਨੂੰ ਇਤਿਹਾਸਕ ਜਾਣਕਾਰੀ ਕਿਉਂ ਨਹੀਂ ਦਿੱਤੀ ਜਾ ਰਹੀ ? ਕਿਹੜੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ 'ਚ ਵਿਸ਼ੇਸ਼ ਪੱਧਰ ਤੇ ਇਨ੍ਹਾਂ ਦੀਆਂ ਜੀਵਨੀਆਂ ਬਾਰੇ ਅਧਿਐਨ ਕੀਤਾ ਜਾਂਦਾ ਹੈ ? ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕਿਹੜੀ ਜਮਾਤ ਦੇ ਸਿਲੇਬਸ 'ਚ ਇਨ੍ਹਾਂ ਨਾਲ ਸੰਬੰਧਤ ਪਾਠਕ੍ਰਮ ਸ਼ਾਮਿਲ ਹੈ ? ਪੰਜਾਬ ਸਰਕਾਰ ਨੇ ਗ਼ਦਰ ਲਹਿਰ ਨਾਲ ਸਬੰਧਿਤ ਯੋਧਿਆਂ ਸ਼ਹੀਦ ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਦੀਆਂ ਸ਼ਹੀਦੀਆਂ ਦੇ ਦਿਹਾੜੇ ਮਨਾਉਣ ਦਾ ਕੋਈ ਸੰਕਲਪ ਲਿਆ ਹੈ ? ਜੇਕਰ ਉਕਤ ਸਾਰੇ ਸੁਆਲਾਂ ਦਾ ਜਵਾਬ 'ਨਾਂਹ' ਵਿੱਚ ਹੈ, ਤਾਂ ਸਾਡੀਆਂ ਸਰਕਾਰਾਂ ਅਜਿਹੇ ਨਾਂਹ ਪੱਖੀ ਵਰਤਾਰੇ ਲਈ ਪੂਰੀ ਤਰ੍ਹਾਂ ਦੋਸ਼ੀ ਹਨ।

ਅੱਜ ਚਾਹੀਦਾ ਹੈ ਕਿ ਆਜ਼ਾਦੀ ਦੇ ਸੰਘਰਸ਼ ਲਈ ਸ਼ਹੀਦੀਆਂ ਪਾਉਣ ਵਾਲੇ ਗਦਰੀ ਯੋਧਿਆਂ ਦੇ ਇਤਿਹਾਸ ਨਵੇਂ ਸਿਰਿਓਂ ਸਹੀ ਅਤੇ ਤੱਥਾਂ ਅਧਾਰਤ ਲਿਖਵਾਏ ਜਾਣ। ਕੈਨੇਡਾ ਅਮਰੀਕਾ ਸਮੇਤ ਵਿਦੇਸ਼ਾਂ ਦੇ ਕੌਂਸਲਖਾਨਿਆਂ 'ਚ ਸ਼ਹੀਦ ਮੇਵਾ ਸਿੰਘ, ਸ਼ਹੀਦ ਭਾਗ ਸਿੰਘ ਤੇ ਸ਼ਹੀਦ ਬਤਨ ਸਿੰਘ ਸਣੇ ਸ਼ਹੀਦੀਆਂ ਪਾਉਣ ਵਾਲੇ ਯੋਧਿਆਂ ਦੀਆਂ ਤਸਵੀਰਾਂ ਲੱਗਣ, ਨਾ ਕਿ 'ਚੀਚੀ 'ਤੇ ਲਹੂ' ਲਗਾ ਕੇ ਸ਼ਹੀਦ ਅਖਵਾਉਣ ਵਾਲਿਆਂ ਦੀਆਂ ਫੋਟੋਆਂ ਸਜਾਈਆਂ ਜਾਣ। ਹਰ ਜਾਗਰੂਕ ਲੇਖਕ, ਪੱਤਰਕਾਰ, ਬੁੱਧੀਜੀਵੀ ਤੇ ਇਤਿਹਾਸਕਾਰ ਨੂੰ ਵੀ ਇਨ੍ਹਾਂ ਗ਼ਦਰੀ ਸ਼ਹੀਦ ਯੋਧਿਆਂ ਬਾਰੇ ਨਾਟਕ, ਲੇਖ, ਕਵਿਤਾਵਾਂ ਤੇ ਖੋਜ ਪੁਸਤਕਾਂ ਤਿਆਰ ਕਰਕੇ ਆਪੋ-ਆਪਣਾ ਯੋਗਦਾਨ ਪਾਉਣ ਦੀ ਲੋੜ ਹੈ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਸ਼ਹੀਦ ਭਾਈ ਭਾਗ ਸਿੰਘ ਅਤੇ ਸ਼ਹੀਦ ਭਾਈ ਬਤਨ ਸਿੰਘ ਨੇ ਕੌਮ ਦੇ ਸੁਨਿਹਰੀ ਭਵਿੱਖ ਲਈ ਆਪਣਾ ਵਰਤਮਾਨ ਕੁਰਬਾਨ ਕੀਤਾ। ਅਫਸੋਸ ਇਸ ਗੱਲ ਦਾ ਵੀ ਹੈ ਕਿ ਜਿਸ ਅਸਥਾਨ 'ਤੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸੈਕਿੰਡ ਐਵਨਿਊ ਵੈਨਕੂਵਰ ਵਿਖੇ, ਇਨ੍ਹਾਂ ਸਿੱਖ ਸੂਰਬੀਰਾਂ ਦੀ ਸ਼ਹੀਦੀ ਹੋਈ, ਉਸ ਇਤਿਹਾਸਕ ਜਗ੍ਹਾ ਨੂੰ ਵੀ ਗ਼ੈਰ-ਜ਼ਿੰਮੇਵਾਰ ਪ੍ਰਬੰਧਕਾਂ ਨੇ ਵੇਚ ਛੱਡਿਆ। ਇਹ ਨਾ ਪੂਰਾ ਹੋਣ ਵਾਲਾ ਘਾਟਾ ਹੈ ਅਤੇ ਇਤਿਹਾਸ, ਉਸ ਮੌਕੇ ਦੇ ਆਗੂਆਂ ਦੀ ਇਸ ਗੁਸਤਾਖੀ ਲਈ ਉਨ੍ਹਾਂ ਨੂੰ ਸਦਾ ਨਕਾਰਦਾ ਰਹੇਗਾ। ਦੂਸਰੇ ਪਾਸੇ ਸ਼ਹੀਦ ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਦੀ ਕੁਰਬਾਨੀ ਸਦਾ ਹੀ, ਬਸਤੀਵਾਦ ਅਤੇ ਫ਼ਾਸ਼ੀਵਾਦ ਦੇ ਖਿਲਾਫ ਚਾਨਣ ਮੁਨਾਰਾ ਬਣਦੀ ਰਹੇਗੀ।\

# ਪੀ ਓ ਕੇ: ਪਾਕਿਸਤਾਨੀ ਸਰਕਾਰ ਤੇ ਪ੍ਰਦਰਸ਼ਨਕਾਰੀਆਂ ਦਰਮਿਆਨ ਸਮਝੌਤਾ



ਇਸਲਾਮਾਬਾਦ, 6 ਅਕਤੂਬਰ (ਪ੍ਰਤੀਨਿਧੀ) : ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) 'ਚ 5 ਦਿਨਾਂ ਤੋਂ ਚੱਲਦਾ ਆ ਰਿਹਾ ਹਿੰਸਕ ਪ੍ਰਦਰਸ਼ਨ ਸ਼ਨੀਵਾਰ ਨੂੰ ਆਖ਼ਿਰਕਾਰ ਖ਼ਤਮ ਹੋ ਗਿਆ। ਪਾਕਿਸਤਾਨ ਸਰਕਾਰ ਅਤੇ ਜੰਮੂ-ਕਸ਼ਮੀਰ ਜੁਆਇੰਟ ਆਵਾਮੀ ਐਕਸ਼ਨ ਕਮੇਟੀ ਵਿਚਾਲੇ ਸਮਝੌਤਾ ਹੋ ਗਿਆ ਹੈ।

ਸਰਕਾਰ ਨੇ ਪ੍ਰਦਰਸ਼ਨਕਾਰੀਆਂ ਦੀਆਂ 38 'ਚੋਂ 21 ਮੰਗਾਂ ਨੂੰ ਮੰਨ ਲਿਆ ਹੈ, ਜਿਸ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਖਤਮ ਕਰਨ ਦਾ ਐਲਾਨ ਕੀਤਾ ਗਿਆ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ 'ਚ ਘੱਟੋ-ਘੱਟ 19 ਲੋਕ ਮਾਰੇ ਗਏ ਹਨ ਅਤੇ ਸੈਂਕੜੇ ਜ਼ਖਮੀ ਹੋਏ ਹਨ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਹਾਲਾਤ ਵਿਗੜਨ 'ਤੇ ਬੁੱਧਵਾਰ ਨੂੰ ਪੀ.ਓ.ਕੇ. ਦੀ ਰਾਜਧਾਨੀ ਮੁਜ਼ੱਫਰਾਬਾਦ 'ਚ ਇਕ ਵਫ਼ਦ ਭੇਜਿਆ ਸੀ। ਇਸ 'ਚ ਸਾਬਕਾ ਪ੍ਰਧਾਨ ਮੰਤਰੀ ਰਾਜਾ ਪ੍ਰਵੇਜ਼ ਅਸ਼ਰਫ ਵੀ ਸ਼ਾਮਲ ਸਨ। ਪਾਕਿਸਤਾਨੀ ਸਰਕਾਰ ਨੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਲਈ ਇਕ ਕਮੇਟੀ ਬਣਾਈ ਸੀ।

ਦੂਜੇ ਪਾਸੇ, ਹੁਣ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਪਾਕਿਸਤਾਨੀ ਫੌਜ ਮੁਖੀ ਵਿਚਾਲੇ ਵਿਵਾਦ ਹੋਰ ਵੀ ਵੱਧ ਸਕਦਾ ਹੈ ਕਿਉਂਕਿ ਸ਼ਾਹਬਾਜ਼ ਸ਼ਰੀਫ਼ ਪੀ.ਓ.ਕੇ. ਦਾ ਹੱਲ ਗੱਲਬਾਤ ਨਾਲ, ਜਦਕਿ ਫੌਜ ਮੁਖੀ ਆਸਿਮ ਮੁਨੀਰ ਫੌਜੀ ਤਾਕਤ ਦੇ ਪੱਖ 'ਚ ਹਨ ਕਿਉਂਕਿ ਆਸਿਮ ਮੁਨੀਰ ਪੀ.ਓ.ਕੇ. ਦੀ ਸਮੱਸਿਆ ਨੂੰ ਪੀ.ਓ.ਕੇ. ਦੇ ਲੋਕਾਂ ਦੀ ਬਜਾਏ ਭਾਰਤ ਵੱਲੋਂ ਪੈਦਾ ਕੀਤੀ ਗਈ ਸਮੱਸਿਆ ਦੱਸ ਰਹੇ ਹਨ।

ਉਨ੍ਹਾਂ ਦਾ ਮੰਨਣਾ ਸੀ ਕਿ ਇਹ ਲੋਕ ਗੱਲਬਾਤ ਦੀ ਭਾਸ਼ਾ ਨਹੀਂ ਸਮਝਦੇ ਅਤੇ ਇਸ ਮੁੱਦੇ ਨੂੰ ਵਾਰ-ਵਾਰ ਹੱਲ ਕਰਨਾ ਮੁਸ਼ਕਲ ਸੀ। ਇਸ ਲਈ ਸਖਤੀ ਦੀ ਵਰਤੋਂ ਕੀਤੀ ਜਾਵੇ, ਜਦਕਿ ਸ਼ਾਹਬਾਜ਼ ਨੇ ਆਸਿਮ ਮੁਨੀਰ ਨੂੰ ਵਿਸ਼ਵਾਸ 'ਚ ਲਏ ਬਿਨਾਂ ਹੀ ਵਫਦ ਨੂੰ ਗੱਲਬਾਤ ਲਈ ਮੁਜ਼ੱਫਰਾਬਾਦ ਭੇਜ ਦਿੱਤਾ।

# ਸਮੁੰਦਰ ਦੇ ਹੇਠਾਂ ਮਿਲਿਆ ਖ਼ਜ਼ਾਨਾ, 300 ਸਾਲ ਪਹਿਲਾਂ ਡੁੱਬਿਆ ਸੀ ਸੋਨੇ-ਚਾਂਦੀ ਦੇ ਸਿੱਕਿਆਂ ਨਾਲ ਭਰਿਆ ਜਹਾਜ਼

ਫਲੋਰੀਡਾ, 6 ਅਕਤੂਬਰ (ਪ੍ਰਤੀਨਿਧੀ) : ਫਲੋਰੀਡਾ ਵਿੱਚ ਸਮੁੰਦਰੀ ਕੰਢੇ ਦੇ ਇੱਕ ਹਿੱਸੇ ਨੂੰ 'ਟ੍ਰੇਜ਼ਰ ਕੋਸਟ' ਵਜੋਂ ਜਾਣਿਆ ਜਾਂਦਾ ਹੈ। ਇੱਥੇ ਕਈ ਜਹਾਜ਼ਾਂ ਦੇ ਮਲਬੇ ਮਿਲੇ ਹਨ, ਜੋ ਖਜ਼ਾਨੇ ਨੂੰ ਲੁਕਾਉਂਦੇ ਹਨ। ਇੱਕ ਵਾਰ ਫਿਰ ਇਨ੍ਹਾਂ ਜਹਾਜ਼ਾਂ ਦੇ ਮਲਬੇ ਵਿੱਚ ਲੁਕਿਆ ਹੋਇਆ ਖਜ਼ਾਨਾ ਲੱਭਿਆ ਗਿਆ ਹੈ।

'ਦਿ ਗਾਰਡੀਅਨ' ਦੀ ਇੱਕ ਰਿਪੋਰਟ ਅਨੁਸਾਰ, ਜਹਾਜ਼ਾਂ ਦੇ ਮਲਬੇ ਦੀ ਖੋਜ ਕਰਨ ਵਾਲੀ ਇੱਕ ਕੰਪਨੀ ਦੇ ਗੋਤਾਖੋਰਾਂ ਦੀ ਇੱਕ ਟੀਮ ਨੇ ਇੱਕ ਮਹੱਤਵਪੂਰਨ ਖਜ਼ਾਨਾ ਲੱਭਿਆ ਹੈ। 1715 ਵਿੱਚ ਇੱਕ ਤੂਫਾਨ ਨੇ ਸਪੈਨਿਸ਼ ਬੇੜੇ ਨੂੰ ਤਬਾਹ ਕਰ ਦਿੱਤਾ ਸੀ, ਜਦੋਂ ਇਹ ਅਮਰੀਕੀ ਕਾਲੋਨੀਆਂ ਤੋਂ ਕੀਮਤੀ ਸਾਮਾਨ ਦੀ ਢੋਆ-ਢੁਆਈ ਕਰ ਰਿਹਾ ਸੀ।

**ਸਮੁੰਦਰ ਤੋਂ ਮਿਲੇ ਖ਼ਜ਼ਾਨੇ ਦੀ ਕੀਮਤ ਹੈ 8 ਕਰੋੜ ਰੁਪਏ ਤੋਂ ਜ਼ਿਆਦਾ**

ਉਸ ਸਮੇਂ ਤੋਂ ਗੁਆਚਿਆ ਖਜ਼ਾਨਾ ਇੱਕ ਸਪੈਨਿਸ਼ ਜਹਾਜ਼ ਦੇ ਮਲਬੇ ਵਿੱਚ ਲੁਕਿਆ ਹੋਇਆ ਸੀ। ਉਨ੍ਹਾਂ ਦੇ ਅਨੁਮਾਨਾਂ ਅਨੁਸਾਰ, ਇਸਦੀ ਕੀਮਤ 10 ਲੱਖ ਡਾਲਰ ਜਾਂ 8 ਕਰੋੜ ਰੁਪਏ ਤੋਂ ਵੱਧ ਹੈ। 1715 ਫਲੀਟ-ਕੁਈਨਜ਼ ਜਵੇਲਜ਼ ਐਲਐਲਸੀ ਨੇ ਇਸ ਹਫ਼ਤੇ ਐਲਾਨ ਕੀਤਾ ਕਿ ਫਲੋਰੀਡਾ ਦੇ ਐਟਲਾਂਟਿਕ ਤੱਟ ਤੋਂ 1,000 ਤੋਂ ਵੱਧ ਚਾਂਦੀ ਅਤੇ ਸੋਨੇ ਦੇ ਸਿੱਕੇ ਮਿਲੇ ਹਨ, ਜਿਨ੍ਹਾਂ ਬਾਰੇ ਮੰਨਿਆ ਜਾਂਦਾ ਹੈ ਕਿ



ਇਹ ਸਪੈਨਿਸ਼ ਕਾਲੋਨੀਆਂ ਵਿੱਚ ਬਣਾਏ ਗਏ ਸਨ ਜਿੱਥੇ ਬੋਲੀਵੀਆ, ਮੈਕਸੀਕੋ ਅਤੇ ਪੇਰੂ ਹੁਣ ਸਥਿਤ ਹਨ। 1715 'ਚ ਖਜ਼ਾਨੇ ਨਾਲ ਭਰੇ ਸਪੈਨਿਸ਼ ਜਹਾਜ਼ਾਂ ਦਾ ਬੇੜਾ ਹੋ ਗਿਆ ਸੀ ਤਬਾਹ

1715 ਫਲੀਟ ਸੁਸਾਇਟੀ ਦੇ ਅਨੁਸਾਰ, ਸਦੀਆਂ ਪਹਿਲਾਂ ਜਦੋਂ ਖਜ਼ਾਨਾ ਸਪੇਨ ਵਾਪਸ ਲਿਆਂਦਾ ਜਾ ਰਿਹਾ ਸੀ, 31 ਜੁਲਾਈ, 1715 ਨੂੰ ਇੱਕ ਤੂਫਾਨ ਨੇ ਬੇੜੇ ਦੇ ਜਹਾਜ਼ਾਂ ਨੂੰ ਤਬਾਹ ਕਰ ਦਿੱਤਾ, ਜਿਸ ਕਾਰਨ ਖਜ਼ਾਨਾ ਸਮੁੰਦਰ ਵਿੱਚ ਵਹਿ ਗਿਆ। ਸੋਨੇ-ਚਾਂਦੀ ਦੇ ਸਿੱਕਿਆਂ 'ਤੇ ਅੰਕਿਤ ਹਨ ਟਕਸਾਲ ਦੇ ਨਿਸ਼ਾਨ ਤੇ ਤਾਰੀਖ਼ ਖੋਜ ਕੰਪਨੀ ਨੇ ਕਿਹਾ ਕਿ ਬਰਾਮਦ ਕੀਤੇ ਗਏ ਕੁਝ ਸਿੱਕਿਆਂ 'ਤੇ ਤਾਰੀਖ਼ਾਂ ਅਤੇ ਟਕਸਾਲ ਦੇ ਨਿਸ਼ਾਨ ਅਜੇ ਵੀ ਦਿਖਾਈ ਦੇ ਰਹੇ ਹਨ, ਜੋ ਇਤਿਹਾਸਕਾਰਾਂ ਅਤੇ ਸੰਗ੍ਰਹਿਕਾਰਾਂ ਲਈ ਨਵੀਂ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ ਜੋ ਗੁਆਚੇ ਖਜ਼ਾਨੇ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦੀ ਉਮੀਦ ਕਰ ਰਹੇ ਹਨ।

ਸਾਲਵੇਜ ਕੰਪਨੀ ਦੇ ਸੰਚਾਲਨ ਨਿਰਦੇਸ਼ਕ, ਸਲ ਗੁਟੂਸੋ ਨੇ ਕਿਹਾ ਕਿ ਖੋਜ ਸਿਰਫ਼ ਖਜ਼ਾਨੇ ਬਾਰੇ ਨਹੀਂ ਹੈ, ਸਗੋਂ ਇਸਦੇ ਪਿੱਛੇ ਦੀਆਂ ਕਹਾਣੀਆਂ ਬਾਰੇ ਵੀ ਹੈ। ਹਰੇਕ ਸਿੱਕਾ ਇਤਿਹਾਸ ਦਾ ਇੱਕ ਟੁਕੜਾ ਹੈ, ਜਿਸਦਾ ਸਪੈਨਿਸ਼ ਸਾਮਰਾਜ ਦੇ ਸੁਨਹਿਰੀ ਯੁੱਗ ਦੌਰਾਨ ਰਹਿਣ ਵਾਲੇ, ਕੰਮ ਕਰਨ ਵਾਲੇ ਅਤੇ ਸਮੁੰਦਰੀ ਸਫ਼ਰ ਕਰਨ ਵਾਲੇ ਲੋਕਾਂ ਨਾਲ ਇੱਕ ਠੋਸ ਸਬੰਧ ਹੈ। ਇੱਕੋ ਸਮੇਂ 1,000 ਸਿੱਕੇ ਲੱਭਣਾ ਦੁਰਲੱਭ ਅਤੇ ਅਸਾਧਾਰਨ ਹੈ।

ਫਲੋਰੀਡਾ ਕਾਨੂੰਨ ਤਹਿਤ, ਸਰਕਾਰੀ ਜ਼ਮੀਨ 'ਤੇ ਜਾਂ ਸਰਕਾਰੀ ਪਾਣੀਆਂ ਵਿੱਚ ਬਚੇ ਕਿਸੇ ਵੀ ਖਜ਼ਾਨੇ ਜਾਂ ਹੋਰ ਇਤਿਹਾਸਕ ਕਲਾਕ੍ਰਿਤੀਆਂ ਦੀ ਮਲਕੀਅਤ ਰਾਜ ਦੀ ਹੈ। ਹਾਲਾਂਕਿ, ਖੋਜਕਰਤਾਵਾਂ ਨੂੰ ਉਨ੍ਹਾਂ ਦੀ ਖੋਜ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਕਾਨੂੰਨ ਅਨੁਸਾਰ, ਬਰਾਮਦ ਕੀਤੀ ਗਈ ਪੁਰਾਤੱਤਵ ਸਮੱਗਰੀ ਦਾ ਲਗਭਗ 20% ਖੋਜ ਸੰਗ੍ਰਹਿ ਜਾਂ ਜਨਤਕ ਪ੍ਰਦਰਸ਼ਨ ਲਈ ਰਾਜ ਦੁਆਰਾ ਰੱਖਿਆ ਜਾਣਾ ਚਾਹੀਦਾ ਹੈ।

# ਐਲਬਰਟਾ: ਪੰਜ ਡਰਾਈਵਿੰਗ ਸਿਖਲਾਈ ਕੇਂਦਰਾਂ ਦੀ ਮਾਨਤਾ ਰੱਦ

ਵੈਨਕੂਵਰ, 6 ਅਕਤੂਬਰ (ਪ੍ਰਤੀਨਿਧੀ) : ਪਿਛਲੇ ਕੁਝ ਮਹੀਨਿਆਂ ਤੋਂ ਕੈਨੇਡਾ ਅਤੇ ਅਮਰੀਕਾ ਵਿੱਚ ਹੋਏ ਵੱਡੇ ਟਰੱਕ ਹਾਦਸਿਆਂ ਤੋਂ ਬਾਅਦ ਦੋਵੇਂ ਮੁਲਕਾਂ ਦੇ ਟਰਾਂਸਪੋਰਟ ਵਿਭਾਗਾਂ ਨੇ ਸਖ਼ਤੀ ਵਧਾ ਦਿੱਤੀ ਹੈ।

ਕੈਨੇਡਾ ਦੇ ਅਲਬਰਟਾ ਸੂਬੇ ਦੇ ਟਰਾਂਸਪੋਰਟ ਵਿਭਾਗ ਨੇ ਸਖ਼ਤੀ ਵਰਤਦਿਆਂ ਆਪਣੇ ਪੰਜ ਡਰਾਈਵਿੰਗ ਸਿਖਲਾਈ ਕੇਂਦਰਾਂ ਦੀ ਮਾਨਤਾ ਰੱਦ ਕਰ ਦਿੱਤੀ ਹੈ। ਟੈਸਟ ਲੈ ਕੇ ਲਾਇਸੈਂਸ ਦੇਣ ਵਾਲੇ 9 ਵਿਭਾਗੀ ਨਿਰੀਖਿਅਕਾਂ ਦੀਆਂ ਸੇਵਾਵਾਂ ਵੀ ਖ਼ਤਮ ਕਰ ਦਿੱਤੀਆਂ ਗਈਆਂ ਹਨ।

ਇਸ ਤੋਂ ਇਲਾਵਾ ਕਈ ਟਰਾਂਸਪੋਰਟ ਕੰਪਨੀਆਂ ਦੀ ਮਾਨਤਾ ਵੀ ਰੱਦ ਕੀਤੀ ਗਈ ਹੈ। ਪਿਛਲੇ ਮਹੀਨਿਆਂ ਵਿੱਚ ਜਾਰੀ ਹੋਏ ਸੈਂਕੜੇ ਡਰਾਈਵਰਾਂ ਦੇ ਲਾਇਸੈਂਸ ਰੱਦ ਕੀਤੇ ਗਏ ਹਨ ਅਤੇ ਕਈਆਂ ਨੂੰ ਫਿਰ ਤੋਂ ਟੈਸਟ ਦੇ ਕੇ ਲਾਇਸੈਂਸ ਨਵਿਆਉਣ ਦੇ ਨੋਟਿਸ ਜਾਰੀ ਕੀਤੇ ਗਏ ਹਨ। ਪਹਿਲਾਂ ਆਖਿਆ ਜਾਂਦਾ ਸੀ ਕਿ ਜਿਸ ਦਾ ਟਰੱਕ ਡਰਾਈਵਿੰਗ ਲਾਇਸੈਂਸ ਕਿਤੋਂ ਨਾ ਬਣਦਾ ਹੋਵੇ, ਉਹ ਅਲਬਰਟਾ ਸੂਬੇ 'ਚੋਂ ਜਾ ਕੇ ਬਣਵਾ ਸਕਦਾ ਹੈ। ਵਿਭਾਗੀ ਸੂਤਰਾਂ ਅਨੁਸਾਰ ਓਂਟਾਰੀਓ ਸੂਬਾ ਵੀ ਸਖ਼ਤੀ ਕਰਨ ਜਾ ਰਿਹਾ ਹੈ। ਹੋਰ ਰਾਜਾਂ ਵਿੱਚ ਵੀ ਸੜਕੀ ਨਿਯਮ ਸਖ਼ਤ ਕੀਤੇ ਜਾਣ ਲਈ ਸਰਵੇਖਣ ਕਰਵਾਏ ਜਾ ਰਹੇ ਹਨ।

ਓਂਟਾਰੀਓ ਦੇ ਕੁਝ ਸ਼ਹਿਰਾਂ 'ਚ ਸਪੀਡ ਕੈਮਰਿਆਂ ਦੀ ਗਿਣਤੀ ਵਧਾਈ ਜਾ ਰਹੀ ਤਾਂ ਜੋ ਵਾਹਨਾਂ ਦੀ ਤੇਜ਼ ਰਫ਼ਤਾਰ ਨੂੰ ਠੱਲ੍ਹ ਪੈ ਸਕੇ।

# ਯੂਕਰੇਨ ਦੇ ਪਾਵਰ ਗਰਿੱਡ 'ਤੇ ਡਰੋਨ ਅਤੇ ਮਿਜ਼ਾਈਲਾਂ ਨਾਲ ਜ਼ੋਰਦਾਰ ਹਮਲਾ

## 50 ਹਜ਼ਾਰ ਘਰਾਂ ਦੀ ਬਿਜਲੀ ਸਪਲਾਈ ਠੱਪ ਹੋਣ ਦਾ ਖ਼ਦਸ਼ਾ

ਕੀਵ, 6 ਅਕਤੂਬਰ (ਪ੍ਰਤੀਨਿਧੀ) : ਰੂਸ ਨੇ ਡਰੋਨ ਅਤੇ ਮਿਜ਼ਾਈਲਾਂ ਨਾਲ ਯੂਕਰੇਨ ਦੇ ਪਾਵਰ ਗਰਿੱਡ 'ਤੇ ਜ਼ੋਰਦਾਰ ਹਮਲੇ ਕੀਤੇ। ਇਸ ਤੋਂ ਇਕ ਦਿਨ ਪਹਿਲਾਂ ਅਧਿਕਾਰੀਆਂ ਨੇ ਦੱਸਿਆ ਸੀ ਕਿ ਰੂਸ ਨੇ ਕੁਦਰਤੀ ਗੈਸ ਟਿਕਾਣਿਆਂ 'ਤੇ ਸ਼ੁੱਕਰਵਾਰ ਨੂੰ ਹਮਲੇ ਕੀਤੇ ਜੋ ਸਾਢੇ ਤਿੰਨ ਸਾਲ ਪਹਿਲਾਂ ਮਾਸਕੋ ਵੱਲੋਂ ਸ਼ੁਰੂ ਕੀਤੀ ਗਈ ਜੰਗ ਮਗਰੋਂ ਸਭ ਤੋਂ ਵੱਡਾ ਹਮਲਾ ਹੈ। ਖੇਤਰੀ ਅਪਰੇਟਰ ਮੁਤਾਬਕ ਪਾਵਰ ਗਰਿੱਡ 'ਤੇ ਹਮਲਿਆਂ ਕਾਰਨ ਰੂਸੀ ਸਰਹੱਦ ਨੇੜਲੇ ਉੱਤਰੀ ਸ਼ਹਿਰ ਚੇਰਨੀਹੀਵ ਨੇੜੇ ਊਰਜਾ ਸਹੂਲਤਾਂ ਨੁਕਸਾਨੀਆਂ ਗਈਆਂ ਅਤੇ ਬਿਜਲੀ ਸਪਲਾਈ ਠੱਪ ਹੋਣ ਕਾਰਨ ਕਰੀਬ 50



ਹਜ਼ਾਰ ਘਰ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਹੈ। ਚੇਰਨੀਹੀਵ ਦੇ ਫ਼ੌਜੀ ਪ੍ਰਸ਼ਾਸਨ ਦੇ ਮੁਖੀ ਦਮਿਤਰੋ ਬ੍ਰਾਇਜ਼ਿੰਸਕੀ ਨੇ ਪੁਸ਼ਟੀ ਕੀਤੀ ਕਿ ਸ਼ਹਿਰ 'ਤੇ ਰਾਤ ਸਮੇਂ ਹੋਏ ਰੂਸੀ ਹਮਲੇ ਕਾਰਨ ਕਈ ਥਾਵਾਂ 'ਤੇ ਅੱਗ ਲੱਗ ਗਈ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਸ ਨਾਲ ਕਿੰਨਾ ਨੁਕਸਾਨ ਹੋਇਆ ਹੈ। ਯੂਕਰੇਨੀ ਹਵਾਈ ਫ਼ੌਜ ਦੇ ਅਧਿਕਾਰੀਆਂ ਨੇ ਦੱਸਿਆ ਕਿ ਰੂਸ ਨੇ ਯੂਕਰੇਨ 'ਤੇ ਸ਼ੁੱਕਰਵਾਰ ਨੂੰ 381 ਡਰੋਨ ਅਤੇ 35 ਮਿਜ਼ਾਈਲਾਂ ਨਾਲ ਵੱਡੇ ਪੱਧਰ 'ਤੇ ਹਵਾਈ ਹਮਲੇ ਕੀਤੇ। ਉਨ੍ਹਾਂ ਇਨ੍ਹਾਂ ਹਮਲਿਆਂ ਨੂੰ ਸਰਦੀਆਂ ਤੋਂ ਪਹਿਲਾਂ ਯੂਕਰੇਨ 'ਚ ਬਿਜਲੀ ਸਪਲਾਈ ਸਹੂਲਤਾਂ ਤਬਾਹ ਕਰਨ ਦੀ ਕੋਸ਼ਿਸ਼ ਕਰਾਰ ਦਿੱਤੀ।

# ਬਰਤਾਨੀਆ 'ਚ ਰਿਫ਼ਿਊਜੀਆਂ ਨੂੰ ਨਹੀਂ ਮਿਲੇਗੀ 'ਗੋਲਡਨ ਟਿਕਟ'

## ਯੂ.ਕੇ ਆਉਣਾ ਹੈ ਤਾਂ ਸਾਡੇ ਸਮਾਜ 'ਚ ਯੋਗਦਾਨ ਪਾਉਣਾ ਪਵੇਗਾ : ਕੀਰ ਸਟਾਰਮਰ

ਲੰਡਨ, 6 ਅਕਤੂਬਰ (ਪ੍ਰਤੀਨਿਧੀ) : ਬਰਤਾਨਵੀਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਦੇਸ਼ ਦੀ ਰਫ਼ਿਊਜੀ ਅਤੇ ਸੈਟਲਮੈਂਟ ਪ੍ਰਣਾਲੀ ਵਿਚ ਵੱਡੇ ਪੱਧਰ 'ਤੇ ਸੁਧਾਰਾਂ ਦਾ ਐਲਾਨ ਕੀਤਾ ਹੈ। ਜਿਸ ਵਿਚ ਉਨ੍ਹਾਂ ਨੇ ਉਥੇ ਪ੍ਰਵਾਸੀਆਂ ਲਈ ਗੋਲਡਨ ਟਿਕਟ ਖ਼ਤਮ ਕਰਨ ਦੀ ਗੱਲ ਕੀਤੀ ਹੈ ਜੋ ਰਫ਼ਿਊਜੀ ਸਟੇਟਸ ਜਿੱਤ ਲੈਂਦੇ ਹਨ। ਉੱਚ ਫ਼ੀਸਾਂ ਅਤੇ ਅਸਥਾਈ ਸੁਰੱਖਿਆ ਕਾਰਨ ਯੂ.ਕੇ ਦੇ ਰਫ਼ਿਊਜੀ ਦਰਜਾ ਲੈਣ ਵਾਲਿਆਂ ਨੂੰ ਹੁਣ ਨਵੀਆਂ ਅੜਚਨਾਂ ਦਾ ਸਾਹਮਣਾ ਕਰਨਾ ਪਵੇਗਾ। ਪ੍ਰਧਾਨ ਮੰਤਰੀ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਸਰਕਾਰ ਅਸਲੀ ਰਫ਼ਿਊਜੀਆਂ ਦੀ ਰਖਿਆ ਕਰੇਗੀ ਪਰ ਸਖ਼ਤ ਸ਼ਰਤਾਂ ਤਹਿਤ।

ਜੇ ਤੁਸੀਂ ਯੂ.ਕੇ ਆਉਣਾ ਹੈ ਤਾਂ ਤੁਹਾਨੂੰ ਸਾਡੇ ਸਮਾਜ ਵਿਚ ਯੋਗਦਾਨ ਪਾਉਣਾ ਪਵੇਗਾ। ਅਮਰੀਕਾ ਅਤੇ ਕੈਨੇਡਾ ਤੋਂ ਬਾਅਦ ਬਰਤਾਨੀਆ ਪ੍ਰਵਾਸੀਆਂ ਲਈ ਪਸੰਦੀਦਾ ਮੁਲਕ ਹੈ, ਜਿਸ ਕਾਰਨ ਇਹ ਸੁਧਾਰ ਦਖਣੀ ਏਸ਼ੀਆ ਵਿਚ ਵਿਸ਼ੇਸ਼ ਰੁਚੀ ਦਾ ਵਿਸ਼ਾ ਬਣੇ ਹੋਏ ਹਨ। ਸਿੱਖ ਭਾਈਚਾਰਾ ਅਤੇ ਤਾਮਿਲ ਰਫ਼ਿਊਜੀ ਦਰਜਾ ਲੈਣ ਵਾਲੇ ਲਮੇ ਸਮੇਂ ਤੋਂ ਬਰਤਾਨੀਆ ਨੂੰ ਬੇਰਹਿਮ ਵਜੋਂ ਦੇਖਦੇ ਰਹੇ ਹਨ।

ਭਵਿੱਖ ਵਿਚ ਲੋੜ ਨੂੰ ਸਥਾਈ ਸੈਟਲਮੈਂਟ ਹਾਸਲ ਕਰਨਾ ਜਾਂ ਪ੍ਰਵਾਰਕ ਮੈਂਬਰਾਂ ਨੂੰ ਅਪਣੇ ਨਾਲ ਲਿਆਉਣਾ ਵਧੇਰੇ ਮੁਸ਼ਕਲ ਹੋਵੇਗਾ।

